# PUNJAB VIDHAN SABHA

## Debates

*Wednesday, the 21st October, 2020*

**Vol. XIII - No.3**

**(Special Session)**

OFFICIAL REPORT

CONTENTS


| | Page |
|---|---|
| Motion under Rule 16 | (3) 1 |
| **Legislative Business** | |
| 1. The Punjab Bhondedar, Butemar, Dohlidar, Insar Miadi Mukarraridar, Mundhimar, Panahi Qadeem, Saunjidar or Taraddadkar (Vesting of Proprietary Rights) Bill, 2020 | (3)2 |
| Walk out | |
| **Legislative Busines *(Resumrption)*** | |
| 2. The Punjab State Vigilance Commission Bill, 2020 | (3)10 |
| 3. The Registration (Punjab Amendment) Bill, 2020 | (3)14 |
| 4. The Punjab Tissue Culture Based Seed Potato Bill, 2020 | (3)18 |
| Walk out | (3)21 |
| **Legislative Busines *(Resumrption)*** | |
| 5. The Punjab Land Revenue (Amendment) Bill, 2020 | (3)21 |
| 6. The Punjab (Welfare and Settlement of Landless, Marginal and small Occupant Farmers) Allotment of State Government Land Bill, 2020 | (3)31 |
| 7. The Factories (Punjab Amendment) Bill, 2020 | (3)43 |



**Punjab Vidhan Sabha Secretariat, Chandigarh**

Price: Rs.__________

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1 | 2 | 3 |
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਬੰਧਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਅਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਆਬਕਾਰੀ ਤੇ ਕਰ, ਆਮ ਰਾਜ ਪ੍ਰਬੰਧ, ਗ੍ਰਹਿ ਮਾਮਲੇ ਅਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕਾਰ ਮਾਮਲੇ, ਪਰਸੋਨਲ, ਚੌਕਸੀ, ਜੰਗਲੀ ਜੀਵ, ਸਾਇੰਸ ਤੇ ਤਕਨਾਲੋਜੀ ਅਤੇ ਵਾਤਾਵਰਨ, ਸੂਚਨਾ ਤਕਨਾਲੋਜੀ, ਊਰਜਾ, ਪ੍ਰਸ਼ਾਸਕੀ ਸੁਧਾਰ ਨਵ ਤੇ ਨਵਿਆਉਣਯੋਗ ਊਰਜਾ ਸਰੋਤ |
| | Captain Amarinder Singh<br>Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Vigilance, Wildlife, Science & Technology, and Environment, Governance Refroms Information Technology Power, New and Renewable Energy Source. |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਥਾਨਕ ਸਰਕਾਰ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Local Govt, Parliamentary Affairs, Elections, Removal of Grievances Minister |

| 1 | 2 | 3 |
|---|---|---|
| 3. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ ਯੋਜਨਾ, ਪ੍ਰੋਗਰਾਮ ਲਾਗੂਕਰਨ ਮੰਤਰੀ<br>Finance, Planning, Programme Implementation Minister |
| 4. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests, Social Justice, Empowerment & Minorities, Printing & Stationery Minister |
| 5. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਮੈਡੀਕਲ ਸਿੱਖਿਆ ਤੇ ਖੋਜ, ਅਜ਼ਾਦੀ ਘੁਲਾਈਟੇ, ਫੂਡ ਪ੍ਰਾਸੈਸਿੰਗ ਮੰਤਰੀ<br>Medical Education & Research , Freedom Fighters, Food Processing Minister |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ ਅਤੇ ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਉਚੇਰੀ ਸੱਖਿਆ ਮੰਤਰੀ<br>Rural Development & Panchayats, Animal Husbandry and Fisheries, Dairy Development and Higher Education Minister |
| 7. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ<br>Sports and Youth Affairs and NRIs Affairs Minister |
| 8. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Technical Education and Industrial Training, Employment Generation, Tourism and Cultural Affairs Minister |

| 1 | 2 | 3 |
|---|---|---|
| 9. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ<br>Social Security, Women & Child Development Minister |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਜਲ ਸਪਲਾਈ ਤੇ ਸੈਨੀਟੇਸ਼ਨ, ਟਰਾਂਸਪੋਰਟ ਮੰਤਰੀ<br>Water Supply & Sanitation, Transport Minister |
| 11. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 12. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ<br>Water Resources, Mining & Geology, Housing and Urban Development Minister |
| 13. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ<br>Revenue, Rehabilitation and Disaster Management Minister |
| 14. | ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਸਿਹਤ ਅਤੇ ਪਰਿਵਾਰ ਭਲਾਈ, ਕਿਰਤ ਮੰਤਰੀ<br>Health and Family Welfare, Labour Minister |
| 15. | ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਸਕੂਲ ਸਿੱਖਿਆ, ਲੋਕ ਨਿਰਮਾਣ ਮੰਤਰੀ<br>School Education, Public Works Minister |
| 16. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 17. | ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

**PUNJAB VIDHAN SABHA**

*Wednesday, the 21*st *October, 2020*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 11.00 A.M. Mr. Speaker (Rana Kanwar Pal Singh) in the Chair.*

-----------

**MOTION UNDER RULE 16**

**ਮਾਨਯੋਗ ਸਪੀਕਰ:** ਨਿਯਮ 16 ਅਧੀਨ ਪ੍ਰਸਤਾਵ। ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----------

## LEGISLATIVE BUSINESS

## 1.THE PUNJAB BHONDEDAR, BUTEMAR, DOHLIDAR, INSAR MIADI, MUKARRARIDAR, MUNDHIMAR, PANAHI QADEEM, SAUNJIDAR OR TARADDADKAR (VESTING OF PROPRIETARY RIGHTS) BILL, 2020

**ਮਾਨਯੋਗ ਸਪੀਕਰ:** ਹੁਣ ਵਿਧਾਨਕ ਕੰਮ-ਕਾਰ। ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਮਾਲ ਮੰਤਰੀ ਬਿਲ ਪੇਸ਼ ਕਰਨਗੇ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸ਼੍ਰੀਮਾਨ ਜੀ, ਮੈਂ ਪੰਜਾਬ ਭੌਂਦੇਦਾਰ, ਬੂਟੇਮਾਰ, ਦੋਹਲੀਦਾਰ, ਇੰਸਾਰ ਮਿਆਦੀ, ਮੁਕਰਰਾੜੀਦਾਰ, ਮੁੰਧੀਮਾਰ, ਪਨਾਹੀ ਕਾਦੀਮ, ਸੌਂਜੀਦਾਰ ਜਾਂ ਤਰੱਡਧਕਾਰ (ਮਾਲਕਾਨਾ ਅਧਿਕਾਰ ਦੇਣਾ) ਬਿਲ, 2020, ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਭੌਂਦੇਦਾਰ, ਬੂਟੇਮਾਰ, ਦੋਹਲੀਦਾਰ, ਇੰਸਾਰ ਮਿਆਦੀ, ਮੁਕਰਰਾੜੀਦਾਰ, ਮੁੰਧੀਮਾਰ, ਪਨਾਹੀ ਕਾਦੀਮ, ਸੌਂਜੀਦਾਰ ਜਾਂ ਤਰੱਡਧਕਾਰ (ਮਾਲਕਾਨਾ ਅਧਿਕਾਰ ਦੇਣਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਭੌਂਦੇਦਾਰ, ਬੂਟੇਮਾਰ, ਦੋਹਲੀਦਾਰ, ਇੰਸਾਰ ਮਿਆਦੀ, ਮੁਕਰਰਾੜੀਦਾਰ, ਮੁੰਧੀਮਾਰ,ਪਨਾਹੀ ਕਾਦੀਮ, ਸੌਂਜੀਦਾਰ ਜਾਂ ਤਰੱਡਧਕਾਰ (ਮਾਲਕਾਨਾ ਅਧਿਕਾਰ ਦੇਣਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ ਨਾਗਰਾ ਜੀ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ, ਮੰਤਰੀ ਸਾਹਿਬ ਤੇ ਪੂਰੀ ਕੈਬਨਿਟ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇੱਕ ਬਹੁਤ ਹੀ ਪੁਰਾਣੀ ਮੰਗ ਪੂਰੀ ਕੀਤੀ ਹੈ। ਜਿਹੜੇ ਲੋਕ

ਵਿਚਾਰੇ ਦਹਾਕਿਆਂ ਤੋਂ ਅਜ਼ਾਦੀ ਤੋਂ ਪਹਿਲਾਂ ਤੋਂ ਆਪਣੀ ਇਸ ਭੂਮੀ ਤੇ ਬੈਠੇ ਸੀ ਅਤੇ ਆਪਣੀ ਰੋਜ਼ੀ-ਰੋਟੀ ਕਮਾ ਕੇ ਆਪਣੇ ਪਰਿਵਾਰਾਂ ਦਾ ਪੇਟ ਪਾਲਦੇ ਸੀ, ਉਨ੍ਹਾਂ ਦੀ ਬਹੁਤ ਪੁਰਾਣੀ ਮੰਗ ਪੂਰੀ ਕੀਤੀ ਹੈ। ਮੈਂ ਇਸ ਲਈ ਪਹਿਲਾਂ ਤਾਂ ਪੰਜਾਬ ਦੇ ਲੋਕਾਂ ਵੱਲੋਂ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦੇ ਦੇ ਰੂਪ ਵਿੱਚ ਮੁੱਖ ਮੰਤਰੀ ਸਾਹਿਬ, ਪੂਰੀ ਕੈਬਨਿਟ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹਾਂ। ਦੂਸਰਾ, ਸਪੀਕਰ ਸਾਹਿਬ, ਮੇਰੀ ਤੁਹਾਡੇ ਦੁਆਰਾ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਅਜ਼ਾਦੀ ਤੋਂ ਬਾਅਦ ਇੱਕ ਬਾਜ਼ੀਗਰ ਭਾਈਚਾਰਾ ਕਾਫੀ ਥਾਵਾਂ ਤੇ ਜਿਹੜੇ ਜ਼ਿਲ੍ਹਾ ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਅਤੇ ਹੋਰ ਕਾਫੀ ਜ਼ਿਲ੍ਹਿਆਂ ਵਿੱਚ ਰਹਿੰਦੇ ਹਨ, ਉਨ੍ਹਾਂ ਦੀਆਂ ਛੋਟੀਆਂ-ਛੋਟੀਆਂ ਬਸਤੀਆਂ ਬਣੀਆਂ ਹੋਈਆਂ ਸਨ, ਜਿੱਥੇ ਉਨ੍ਹਾਂ ਨੇ ਆਪਣੇ ਘਰ ਪਾਏ ਹੋਏ ਹਨ। ਉਨ੍ਹਾਂ ਨੇ ਘਰ ਤਾਂ ਪਾ ਲਏ ਪਰ ਹੁਣ ਉਨ੍ਹਾਂ ਦੀ ਤੀਜੀ ਪੀੜ੍ਹੀ ਆ ਗਈ ਹੈ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਉਨ੍ਹਾਂ ਦਾ ਮਾਲਕਾਨਾ ਹੱਕ ਦੇਣਾ ਵੀ ਇਸ ਵਿੱਚ ਸ਼ਾਮਿਲ ਕਰ ਲਿਆ ਜਾਵੇ ਤਾਂ ਬਹੁਤ ਮਿਹਰਬਾਨੀ ਹੋਵੇਗੀ। ਇਹ ਬਹੁਤ ਵੱਡੀ ਮੰਗ ਹੈ, ਜੇ ਇਸ ਵਿੱਚ ਬਾਜੀਗਰ ਭਾਈਚਾਰੇ ਨੂੰ ਵੀ ਵਿੱਚ ਦਰਜ ਕਰ ਲਿਆ ਜਾਵੇ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਪੀਕਰ ਸਾਹਿਬ, ਮੇਰੇ ਸਾਥੀ ਨਾਗਰਾ ਸਾਹਿਬ ਨੇ ਬਹੁਤ ਅੱਛੀ ਗੱਲ ਕੀਤੀ ਹੈ। ਮੈਂ ਸੀ.ਐਮ. ਸਾਹਿਬ, ਮੰਤਰੀ ਸਾਹਿਬ ਅਤੇ ਆਪਣੀ ਸਰਕਾਰ ਦਾ ਧੰਨਵਾਦ ਵੀ ਕਰਦਾ ਹਾਂ। ਇੱਕ ਹੋਰ ਬਰਾਦਰੀ ਹੈ, ਜਿਹੜੀ ਕਿ ਮਹਾਰਾਣਾ ਪ੍ਰਤਾਪ ਦੀ ਬਰਾਦਰੀ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਆਪਣੇ ਪੰਜਾਬ ਵਿੱਚ ਅਤੇ ਮੇਰੇ ਹਲਕੇ ਵਿੱਚ ਵੀ ਕੁਝ 60-70 ਘਰ ਪੰਚਾਇਤੀ ਜਗ੍ਹਾ ਤੇ ਬਣਾਏ ਹੋਏ ਹਨ ਜੇ ਉਨ੍ਹਾਂ ਨੂੰ ਵੀ ਅਸੀਂ ਸ਼ਾਮਿਲ ਕਰ ਲਈਏ ਅਤੇ ਬਾਜ਼ੀਗਰ ਸ਼੍ਰੇਣੀ ਨੂੰ ਵੀ ਸ਼ਾਮਿਲ ਕਰ ਲਈਏ ਤਾਂ ਇਸ ਨਾਲ ਉਨ੍ਹਾਂ ਲੋਕਾਂ ਨੂੰ ਰਿਲੀਫ ਮਿਲ ਜਾਵੇਗੀ। ਉਹ ਲੋਕ ਪੱਕੇ ਤੌਰ ਤੇ ਪੰਜਾਬ ਵਿੱਚ ਵਸੇ ਹੋਏ ਹਨ।

**ਮਾਨਯੋਗ ਸਪੀਕਰ:** ਤੁਸੀਂ ਤਾਂ ਮੰਤਰੀ ਹੋ। ਤੁਸੀਂ ਇਹ ਗੱਲ ਕੈਬਨਿਟ ਵਿੱਚ ਕਰਨੀ ਸੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ:** ਮੈਂ ਉਦੋਂ ਬਿਮਾਰ ਸੀ। ਇਸ ਕਰਕੇ ਮੈਂ ਕੈਬਨਿਟ ਮੀਟਿੰਗ ਵਿੱਚ ਨਹੀਂ ਆਇਆ ਸੀ।

**ਮਾਨਯੋਗ ਸਪੀਕਰ:** ਚਲੋ, ਠੀਕ ਹੈ। ਹਾਂ ਜੀ, ਲੀਡਰ ਆਫ ਦਿ ਆਪੋਜ਼ੀਸ਼ਨ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.):** ਸਪੀਕਰ ਸਾਹਿਬ, ਕੀ ਸਰਕਾਰ ਇਹ ਗੱਲ ਦੱਸੇਗੀ ਕਿ ਜਿਹੜਾ ਇਹ ਮਾਲਕਾਨਾ ਹੱਕ ਦੇਣਾ ਹੈ, ਇਸ ਵਿੱਚ ਰਜਿਸਟ੍ਰੇਸ਼ਨ ਫੀਸ ਜਾਂ ਫਿਰ ਕੋਈ ਹੋਰ ਕੀਮਤ ਸਰਕਾਰ ਨੇ ਤੈਅ ਕੀਤੀ ਹੈ ਜਾਂ ਨਹੀਂ ਕੀਤੀ, ਕਿਉਂਕਿ ਲੋਕ ਲੰਮੇ ਅਰਸੇ ਤੋਂ ਇਸ ਜਗ੍ਹਾ ਉੱਤੇ ਬੈਠੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਕੋਈ ਰਜਿਸਟ੍ਰੇਸ਼ਨ ਫੀਸ ਨਹੀਂ ਹੋਣੀ ਚਾਹੀਦੀ ਜਾਂ ਫਿਰ ਕੋਈ ਹੋਰ ਰਿਜ਼ਰਵ ਪ੍ਰਾਈਸ ਨਹੀਂ ਹੋਣੀ ਚਾਹੀਦੀ। ਇਹ ਬਗੈਰ ਕਿਸੇ ਕੀਮਤ ਤੋਂ, ਬਗੈਰ ਕਿਸੇ ਰਜਿਸਟ੍ਰੇਸ਼ਨ ਫੀਸ ਤੋਂ ਹੋਣਾ ਚਾਹੀਦਾ ਹੈ। ਦੂਜੇ ਪਾਸੇ ਜਿਸ ਤਰ੍ਹਾਂ ਨਾਗਰਾ ਸਾਹਿਬ ਨੇ ਕਿਹਾ ਹੈ ਕਿ ਜਿਹੜੀ ਬਾਜੀਗਰ ਕਮਿਊਨਿਟੀ ਹੈ ਅਤੇ ਜਿਹੜੀਆਂ ਹੋਰ Tribes ਹਨ, ਉਨ੍ਹਾਂ ਨੂੰ ਵੀ ਉਸ ਦੇ ਵਿੱਚ ਦਰਜ ਕੀਤਾ ਜਾਵੇ ਤਾਂ ਕਿ ਜਿਹੜੀਆਂ ਪੰਜਾਬ ਦੀਆਂ ਹੋਰ ਕਾਸਟਾਂ ਹਨ, ਜਿਹੜੀਆਂ ਲੰਮੇ ਅਰਸੇ ਤੋਂ ਇਨ੍ਹਾਂ ਜ਼ਮੀਨਾਂ ਉਤੇ ਬੈਠੀਆਂ ਹਨ, ਉਨ੍ਹਾਂ ਨੂੰ ਵੀ ਮਾਲਕਾਨਾ ਹੱਕ ਮਿਲ ਸਕੇ।

**ਸਰਦਾਰ ਹਰਦਿਆਲ ਸਿੰਘ ਕੰਬੋਜ (ਰਾਜਪੁਰਾ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦੀ ਹਾਂ ਜੀ। ਪਹਿਲਾਂ ਤਾਂ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਵੀ ਬਹੁਤ-ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸ਼ਡਿਊਲਡ ਕਾਸਟ ਦੇ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰ ਦੇਣ ਦਾ ਫੈਸਲਾ ਕੀਤਾ ਹੈ ਪਰ ਜਿੱਥੋਂ ਤੱਕ ਨਾਗਰਾ ਸਾਹਿਬ ਜੀ ਬੋਲ ਕੇ ਗਏ ਹਨ ਕਿ ਬਾਜੀਗਰ ਭਾਈਚਾਰੇ ਦਾ ਬਹੁਤ ਜ਼ਰੂਰੀ ਹੈ। 70 ਸਾਲ ਤੋਂ ਵੱਧ ਦੇਸ਼ ਦੀ ਅਜ਼ਾਦੀ ਨੂੰ ਹੋ ਗਏ ਹਨ, ਜਿਸ ਵੀ ਜ਼ਮੀਨ ਤੇ ਇਹ ਲੋਕ ਬੈਠੇ ਹਨ, ਕਬਜ਼ਾ ਇਨ੍ਹਾਂ ਕੋਲ ਹੈ ਪਰ ਉਸ ਤੇ ਇਹ ਨਾ ਤਾਂ ਕੋਈ ਲੋਨ ਲੈ ਸਕਦੇ ਹਨ, ਨਾ ਇਨ੍ਹਾਂ ਨੂੰ ਬਿਜਲੀ ਦੇ ਬਿੱਲ ਮਿਲਦੇ ਹਨ। ਉਨ੍ਹਾਂ ਲੋਕਾਂ ਨੂੰ ਥਾਂ-ਥਾਂ ਤੇ ਧੱਕੇ ਖਾਣੇ ਪੈਂਦੇ ਹਨ। ਉਨ੍ਹਾਂ ਦੀ ਬਹੁਤ ਜ਼ਿਆਦਾ ਮਾੜੀ ਹਾਲਤ ਹੈ। ਜੇਕਰ ਅੱਜ ਆਪਾਂ ਇਨ੍ਹਾਂ ਸ਼ਡਿਊਲਡ ਕਾਸਟਸ ਲੋਕਾਂ ਨੂੰ ਰਾਈਟਸ ਦੇਣ ਲੱਗੇ ਹਾਂ ਤਾਂ ਬਾਜ਼ੀਗਰ ਭਾਈਚਾਰੇ ਨੂੰ ਵੀ ਇਸ ਵਿੱਚ ਸ਼ਾਮਿਲ ਕਰਕੇ ਉਨ੍ਹਾਂ ਨੂੰ ਵੀ ਮਾਲਕਾਨਾ ਹੱਕ ਮਿਲਣੇ ਚਾਹੀਦੇ ਹਨ। ਇਹ ਮੇਰੀ ਤੁਹਾਡੇ ਸਾਹਮਣੇ ਬੇਨਤੀ ਹੈ।

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਸਰਦਾਰ ਸਾਧੂ ਸਿੰਘ):** ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਆਪਣੀ ਕੈਬਨਿਟ ਵਿੱਚ ਗਰੀਬ ਲੋਕਾਂ ਲਈ, ਜਿਹੜੇ ਦੇਸ਼ ਦੀ ਅਜ਼ਾਦੀ ਤੋਂ ਬਾਅਦ ਇਸ ਤਰ੍ਹਾਂ ਮਹਿਸੂਸ ਕਰਦੇ ਹਨ ਕਿ ਸਾਡੇ ਕੋਲ ਜ਼ਮੀਨ ਨਹੀਂ ਹੈ ਤੇ ਅਸੀਂ ਪਤਾ ਨਹੀਂ ਕਿਸ ਜ਼ਮੀਨ ਤੇ ਬੈਠੇ ਹਾਂ। ਲੇਕਿਨ ਉਨ੍ਹਾਂ ਦੀਆਂ ਸਮੇਂ-ਸਮੇਂ ਤੇ ਵੋਟਾਂ ਤਾਂ ਪਵਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਲੋਕਾਂ ਦੇ ਵੋਟ ਵੀ ਬਣੇ ਹੋਏ ਹਨ। ਜਦੋਂ ਪਾਕਿਸਤਾਨ ਤੋਂ ਉਜੜ ਕੇ ਲੋਕ ਇੱਥੇ ਆਏ ਤਾਂ ਵੱਖ-ਵੱਖ ਕਬੀਲਿਆਂ ਦੇ ਲੋਕਾਂ ਨੂੰ ਜਿੱਥੇ-ਜਿੱਥੇ ਜਗ੍ਹਾ ਲੱਭੀ-ਉਹ ਉੱਥੇ ਬੈਠ ਗਏ ਪਰ ਕਈ ਥਾਵਾਂ ਤੇ ਉਹ ਇੱਥੇ ਸਰਕਾਰੀ ਥਾਵਾਂ ਤੇ ਬੈਠੇ ਹਨ, ਜਿਵੇਂ ਪੰਚਾਇਤਾਂ ਦੀਆਂ ਜਗ੍ਹਾ ਤੇ ਬੈਠੇ ਹਨ। ਉਸ ਸਬੰਧੀ ਪੰਜਾਬ ਸਰਕਾਰ ਨੇ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ 2004 ਵਿੱਚ ਫੈਸਲਾ ਕੀਤਾ ਸੀ ਕਿ ਪੰਚਾਇਤਾਂ ਦੀਆਂ ਜ਼ਮੀਨਾਂ ਬਾਰੇ ਪੰਚਾਇਤ ਮਤਾ ਪਾ ਕੇ BDO ਰਾਹੀਂ, SDM ਦੇ ਰਾਹੀਂ, ADC ਤੋਂ ਪ੍ਰਵਾਨਗੀ ਲੈ ਕੇ ਖਸਰਾ ਨੰ: ਬਰ ਤੇ ਪਲਾਟ ਨੰ: ਬਰ ਦੇ ਕੇ ਜ਼ਮੀਨ ਉਨ੍ਹਾਂ ਦੇ ਨਾਮ ਹੋ ਜਾਂਦੀ ਸੀ ਅਤੇ ਸਰਟੀਫਿਕੇਟ ਮਿਲ ਜਾਂਦੇ ਸੀ। ਫਿਰ ਉਹ ਮਾਲਕਾਨਾ ਮੰਨੇ ਜਾਣ ਲੱਗ ਪਏ। ਲੇਕਿਨ ਮੈਂ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਹਲਕੇ ਵਿੱਚ ਇੱਕ ਪਿੰਡ ਅਬਲੋਵਾਲ ਹੈ ਅਤੇ ਜਿਹੜੀ ਉੱਥੇ ਜ਼ਮੀਨ ਹੈ, ਉਸ ਤੇ 70 ਸਾਲ ਤੋਂ ਸਿਕਲੀਗਰ੍ਹ, ਬਾਜ਼ੀਗਰ ਭਾਈਚਾਰੇ ਦੇ ਤਕਰੀਬਨ 1000 ਘਰ ਹਨ। ਉਹ ਜ਼ਮੀਨ ਫਾਰੈਸਟ ਡਿਪਾਰਟਮੈਂਟ ਦੀ ਹੈ। ਉਹ ਪੰਜਾਬ ਸਰਕਾਰ ਸਿੱਧੇ ਤੌਰ ਤੇ ਨਹੀਂ ਦੇ ਸਕਦੀ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਸਿੱਧੇ ਤੌਰ ਤੇ ਮੁੱਖ ਮੰਤਰੀ ਜੀ, ਪੂਰੀ ਕੈਬਨਿਟ ਸੈਂਟਰ ਦੀ ਸਰਕਾਰ ਦੇ ਧਿਆਨ ਵਿੱਚ ਲਿਆ ਕੇ National Green Tribunal ਨਾਲ ਗੱਲ ਕਰਕੇ ਇਸ ਫਾਰੈਸਟ ਡਿਪਾਰਟਮੈਂਟ ਜ਼ਮੀਨ ਦੀ ਕੀਮਤ ਦੇ ਕੇ ਜਾਂ ਉਸ ਦੇ ਵੱਟੇ ਹੋਰ ਜ਼ਮੀਨ ਦੇ ਦੇਵੇ ਤਾਂ ਜੋ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਮਾਲਕਾਨਾ ਹੱਕ ਦਿੱਤੇ ਜਾ ਸਕਣ। ਇਸੇ ਤਰ੍ਹਾਂ ਲੁਧਿਆਣੇ ਕੋਲ ਮੁੱਲਾਂਪੁਰ ਦਾਖ਼ਾ ਵਿੱਚ ਉਹ ਲੋਕ ਰੇਲਵੇ ਸਟੇਸ਼ਨ ਦੇ ਨਾਲ ਬੈਠੇ ਹਨ।

**ਮਾਨਯੋਗ ਸਪੀਕਰ:** ਵਜ਼ੀਰ ਸਾਹਿਬ, ਤੁਸੀਂ ਤਾਂ ਇਹ ਗੱਲ ਕੈਬਨਿਟ ਵਿੱਚ ਕਰ ਸਕਦੇ ਸੀ।

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ:** ਮੈਂ ਤਾਂ ਇੱਥੇ ਵੀ ਦੁੱਖ ਦੱਸਣੇ ਹਨ।

**ਮਾਨਯੋਗ ਸਪੀਕਰ:** ਨਹੀਂ, ਨਹੀਂ ਦੁੱਖ ਨਹੀਂ। ਤੁਸੀਂ ਤਾਂ ਦੁੱਖਾਂ ਦੇ ਹੱਲ ਕਰਨ ਵਾਲੇ ਹੋ। ਤੁਸੀਂ ਤਾਂ ਹੱਲ ਕਰਨ ਵਾਲੇ ਹੋ। ਤੁਸੀਂ ਤਾਂ ਦੁੱਖਾਂ ਦਾ ਹੱਲ ਕਰਨਾ ਹੈ, ਜਿਹੜਾ ਕਰਨਾ ਹੈ ਕਰੋ।

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਕਾਰ ਕੋਲੋਂ ਪੈਸੇ ਲੈ ਕੇ ਕਿਵੇਂ ਮਰਜ਼ੀ ਕਰਕੇ ਇਨ੍ਹਾਂ ਦੇ ਹੱਕ ਇਨ੍ਹਾਂ ਲੋਕਾਂ ਨੂੰ ਦਿਵਾਏ ਜਾਣ। ਮੈਂ ਧੰਨਵਾਦੀ ਹਾਂ ਕਿ ਜਿਹੜਾ ਇਹ ਮਤਾ ਲੈ ਕੇ ਆਏ ਹਨ। ਇਹ ਉਨ੍ਹਾਂ ਗਰੀਬ ਲੋਕਾਂ ਲਈ ਮਤਾ ਲਿਆਂਦਾ ਗਿਆ। ਜਿਨ੍ਹਾਂ ਕੋਲ ਜ਼ਮੀਨ ਦੇ ਮਾਲਕਾਨਾ ਹੱਕ ਨਹੀਂ ਹਨ। ਮੈਂ ਅਖੀਰ ਵਿੱਚ ਫੇਰ ਧੰਨਵਾਦ ਕਰਨਾ ਚਾਹੁੰਦਾ ਹਾਂ।

**ਸ਼੍ਰੀ ਪਵਨ ਕੁਮਾਰ ਟੀਨੂ :** ਧੰਨਵਾਦ ਸਪੀਕਰ ਸਾਹਿਬ, ਸ਼ਡਿਊਲਡ ਕਾਸਟ, ਬਾਜੀਗਰ ਜਾਂ ਸਾਂਸੀ ਅਤੇ ਹੋਰ ਜਿਹੜੀਆਂ ਟਰਾਈਬਜ਼ ਹਨ, ਉਨ੍ਹਾਂ ਨੂੰ ਜ਼ਮੀਨ ਦੇ ਮਾਲਕਾਨਾ ਹੱਕ ਦੇਣ ਦੀ ਗੱਲ ਅੱਜ ਇਸ ਹਾਊਸ ਦੇ ਅੰਦਰ ਚੱਲ ਰਹੀ ਹੈ। ਮੇਰਾ ਖਿਆਲ ਹੈ ਕਿ ਸਾਲ 2008 ਦੇ ਵਿੱਚ ਇੱਕ ਇਹੋ ਜਿਹਾ ਰੈਜ਼ੋਲਿਊਸ਼ਨ ਅਤੇ ਇੱਕ ਕਾਨੂੰਨ ਬਣਿਆ ਸੀ। ਮੈਂ ਹੁਣ ਭਲਾਈ ਮੰਤਰੀ ਜੀ ਨੂੰ ਸੁਣ ਰਿਹਾ ਸੀ। ਇਹ ਬੜੇ ਮਗਰਮੱਛ ਦੇ ਹੰਝੂ ਵਹਾ ਰਹੇ ਸੀ।ਇਹ ਕਹਿ ਰਹੇ ਹਨ ਕਿ ਇਸ ਭਾਈਚਾਰੇ ਦੇ ਲੋਕ ਬੜੇ ਗਰੀਬ ਹਨ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਅਤੇ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ, ਮੁੱਖ ਮੰਤਰੀ ਜੀ ਵੀ ਬੈਠੇ ਹਨ ਕਿ ਜਿਹੜਾ 64 ਕਰੋੜ ਰੁਪਿਆ ਸ਼ਡਿਊਲਡ ਕਾਸਟ ਬੱਚਿਆਂ ਦਾ ਆਇਆ ਸੀ, ਇਹ ਭਲਾਈ ਮੰਤਰੀ ਜੀ ਨੇ ਹੜੱਪ ਕਰ ਲਿਆ ਹੈ। ਮੇਰੇ ਕੋਲ ਇਹ ਐਡੀਸ਼ਨਲ ਚੀਫ ਸੈਕਟਰੀ ਦੀ ਰਿਪੋਰਟ ਹੈ।(ਹੱਥ ਵਿੱਚ ਕਾਗਜ਼ ਦਿਖਾਉਂਦੇ ਹੋਏ)। (ਵਿਘਨ..ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਇਹ ਸੈਪਰੇਟ ਇਸ਼ੂ ਹੈ, ਇਹ ਸੈਪਰੇਟ ਇਸ਼ੂ ਹੈ। ਤੁਸੀਂ ਇਸ ਬਿਲ ਤੇ ਗੱਲ ਕਰੋ। ਇਸ ਦਾ ਇਸ ਬਿਲ ਨਾਲ ਕੋਈ ਤਾਅਲੁੱਕ ਨਹੀਂ ਹੈ। ਇਸ ਦਾ ਕੋਈ ਤਾਅਲੁੱਕ ਨਹੀਂ ਹੈ। ( ਵਿਘਨ)(ਸ਼ੋਰ) ਚੀਮਾ ਜੀ, ਚੀਮਾ ਜੀ। ਤੁਸੀਂ ਪਹਿਲਾਂ ਬੋਲ ਲਏ ਹੋ। ਮੈਂ ਤੁਹਾਡੀ ਗੱਲ ਦਾ ਜਵਾਬ ਲੈਣਾ ਹੈ। ਤੁਸੀਂ ਦੂਜੀ ਵਾਰ ਫੇਰ ਇੱਕੋ ਇਸ਼ੂ ਤੇ ਉੱਠ ਖੜ੍ਹੇ ਹੋ। (ਵਿਘਨ)(ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ:** ਜਿਹੜੀ ਗੱਲ ਟੀਨੂ ਜੀ ਕਹਿ ਰਹੇ ਹਨ, ਇਹ ਬਿਲਕੁਲ ਸੱਚ ਹੈ ਕਿ ਪੰਜਾਬ ਦੇ ਦਲਿਤ ਲੋਕਾਂ ਦਾ, ਪੰਜਾਬ ਦੇ ਗਰੀਬ ਲੋਕਾਂ ਦਾ 64 ਕਰੋੜ ਰੁਪਿਆ ਖਾ ਗਏ ਹਨ।

**ਮਾਨਯੋਗ ਸਪੀਕਰ:** ਇਹ ਮਸਲਾ ਪਿਛਲੇ ਸੈਸ਼ਨ ਵਿੱਚ ਡਿਸਕਸ ਹੋ ਚੁੱਕਿਆ ਹੈ। ਇਹ ਮਸਲਾ ਪਿਛਲੇ ਸੈਸ਼ਨ ਵਿੱਚ ਡਿਸਕਸ ਹੋ ਚੁੱਕਿਆ ਹੈ। (ਵਿਘਨ)(ਸ਼ੋਰ) ਇਹ ਡਿਸਕਸ ਹੋ ਚੁੱਕਿਆ ਹੈ। (ਵਿਘਨ)(ਸ਼ੋਰ) ਤੁਸੀਂ ਬੈਠੋ, ਬੈਠੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹਾਜਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਜੇ ਕਿਸੇ ਨੇ ਬਿਲ ਤੇ ਬੋਲਣਾ ਹੈ ਤਾਂ ਗੱਲ ਕਰੋ। ਇਹ ਇਸ਼ੂ ਅੱਜ ਰੇਜ਼ ਨਹੀਂ ਹੋ ਸਕਦਾ। ਇਹ ਇਸ਼ੂ ਰੇਜ਼ ਨਹੀਂ ਹੋ ਸਕਦਾ। ਦੇਖੋ ਇਹ ਇਸ਼ੂ ਪਹਿਲਾਂ ਰੇਜ਼ ਹੋ ਚੁੱਕਿਆ ਹੈ।( ਮਾਨਯੋਗ ਸਪੀਕਰ ਹੱਥ ਵਿੱਚ ਕਾਗਜ਼ ਦਿਖਾਉਂਦੇ ਹੋਏ।) ਕੀ ਕਿਸੇ ਨੇ ਬਿਲ ਤੇ ਬੋਲਣਾ ਹੈ? ਹਾਂ ਜੀ, ਰੋੜੀ ਜੀ, ਰੋੜੀ ਜੀ।(ਵਿਘਨ)(ਸ਼ੋਰ)

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ):** ਸਪੀਕਰ ਸਾਹਿਬ, ਬਹੁਤ ਧੰਨਵਾਦ। ਸਰ, ਮੇਰੀ ਬੇਨਤੀ ਇਹ ਹੈ ਕਿ ਪੰਜਾਬ ਦੇ ਵਿੱਚ ਜਿਹੜੀਆਂ ਬੈਕਵਰਡ ਕਲਾਸਿਜ਼ ਅਤੇ ਗੁੱਜਰ ਭਾਈਚਾਰਾ ਹੈ, ਉਹ ਵੱਡੀ ਗਿਣਤੀ ਵਿੱਚ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ ਵਸਿਆ ਹੋਇਆ ਹੈ। ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਉਨ੍ਹਾਂ ਨੂੰ ਸ਼ਡਿਊਲਡ ਟ੍ਰਾਈਬ ਅਨਾਊਂਸ ਕੀਤਾ ਹੋਇਆ ਹੈ ਪਰ ਪੰਜਾਬ ਵੱਲੋਂ ਹਾਲੇ ਤੱਕ .....(ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

---

** **Not recorded as ordered by the Chair.

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਾਡੇ ਗੁੱਜਰ ਭਾਈਚਾਰੇ ਦੇ ਜਿੰਨੇ ਵੀ ਲੋਕ ਹਨ, ਉਹ ਮੋਹਾਲੀ ਤੋਂ ਲੈ ਕੇ ਕੰਢੀ ਦੀ ਜਿੰਨੀ ਵੀ ਬੈਲਟ ਹੈ, ਉੱਥੇ ਪਸ਼ੂ-ਪਾਲਣ ਦਾ ਕੰਮ ਕਰਦੇ ਸੀ। ਉਹ ਪਹਾੜੀਆਂ ਦੀਆਂ ਜੜ੍ਹਾਂ ਵਿੱਚ ਵਸੇ ਹੋਏ ਹਨ। ਉਨ੍ਹਾਂ ਨੂੰ ਜ਼ਮੀਨਾਂ ਦਾ ਹਾਲੇ ਤੱਕ ਮਾਲਕਾਨਾ ਹੱਕ ਨਹੀਂ ਦਿੱਤਾ ਗਿਆ। ਮੇਰੀ ਬੇਨਤੀ ਹੈ ਕਿ ਗੁੱਜਰ ਭਾਈਚਾਰੇ ਦੇ ਲੋਕ ਜਿੱਥੇ ਵੀ ਵਸੇ ਹਨ, ਚਾਹੇ ਉਹ ਸ਼ਿਵਾਲਿਕ ਦੀਆਂ ਪਹਾੜੀਆਂ ਹੋਣ, ਚਾਹੇ ਪੰਜਾਬ ਦੇ ਹੋਰ ਕਿਸੇ ਕੋਨੇ ਵਿੱਚ ਹੋਣ, ਉਹ ਜਿੱਥੇ ਵੀ ਵਸੇ ਹੋਏ ਹਨ, ਉਨ੍ਹਾਂ ਦਾ ਪੁਰਾਣਾ ਕਬਜ਼ਾ ਹੈ, ਉਸ ਦਾ ਉਨ੍ਹਾਂ ਨੂੰ ਮਾਲਕਾਨਾ ਹੱਕ ਦਿੱਤਾ ਜਾਵੇ। ਧੰਨਵਾਦ ਜੀ। (ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਵਿਰੁੱਧ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਸਬੰਧੀ ਆਪਣੇ ਹੱਥਾਂ ਵਿੱਚ ਪੈਂਫਲੇਟ ਲਹਿਰਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

> ਕਿ ਪੰਜਾਬ ਭੌਂਦੇਦਾਰ, ਬੂਟੇਮਾਰ, ਦੋਹਲੀਦਾਰ, ਇੰਸਾਰ ਮਿਆਦੀ, ਮੁਕਰਰਾੜੀਦਾਰ, ਮੁੰਧੀਮਾਰ, ਪਨਾਹੀ ਕਾਦੀਮ, ਸੌਂਜੀਦਾਰ ਜਾਂ ਤਰੱਦਧਕਾਰ (ਮਾਲਕਾਨਾ ਅਧਿਕਾਰ ਦੇਣਾ) ਬਿਲ, 2020 ਉਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ ।*

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2 ਤੇ 3)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

> ਕਿ ਕਲਾਜ਼ 1 ਦੀਸਬ-ਕਲਾਜ਼ (2 ਤੇ 3) ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

** **Not recorded as ordered by the Chair.

**ਕਲਾਜ਼ਾਂ 2 ਤੋਂ 12**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 12 ਤੱਕ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 12 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਭੌਂਦੇਦਾਰ, ਬੂਟੇਮਾਰ, ਦੋਹਲੀਦਾਰ, ਇੰਸਾਰ ਮਿਆਦੀ, ਮੁਕਰਰਾੜੀਦਾਰ, ਮੁੰਧੀਮਾਰ, ਪਨਾਹੀ ਕਾਦੀਮ, ਸੌਂਜੀਦਾਰ ਜਾਂ ਤਰੱਦਧਕਾਰ (ਮਾਲਕਾਨਾ ਅਧਿਕਾਰ ਦੇਣਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਭੌਂਦੇਦਾਰ, ਬੂਟੇਮਾਰ, ਦੋਹਲੀਦਾਰ, ਇੰਸਾਰ ਮਿਆਦੀ, ਮੁਕਰਰਾੜੀਦਾਰ, ਮੁੰਧੀਮਾਰ, ਪਨਾਹੀ ਕਾਦੀਮ, ਸੌਂਜੀਦਾਰ ਜਾਂ ਤਰੱੜਧਕਾਰ (ਮਾਲਕਾਨਾ ਅਧਿਕਾਰ ਦੇਣਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਭੌਂਦੇਦਾਰ, ਬੂਟੇਮਾਰ, ਦੋਹਲੀਦਾਰ, ਇੰਸਾਰ ਮਿਆਦੀ, ਮੁਕਰਰਾੜੀਦਾਰ, ਮੁੰਧੀਮਾਰ, ਪਨਾਹੀ ਕਾਦੀਮ, ਸੌਂਜੀਦਾਰ ਜਾਂ ਤਰੱੜਧਕਾਰ (ਮਾਲਕਾਨਾ ਅਧਿਕਾਰ ਦੇਣਾ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਵਿਰੁੱਧ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ ਲਗਾਉਂਦੇ ਹੋਏ ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

-----

## LEGISLATIVE BUSINENS (Remrption)

## 2. THE PUNJAB STATE VIGILANCE COMMISSION BILL, 2020

**ਮਾਨਯੋਗ ਸਪੀਕਰ:** ਪੰਜਾਬ ਰਾਜ ਚੌਕਸੀ ਕਮਿਸ਼ਨ ਬਿਲ, 2020। ਮਾਨਯੋਗ ਮੁੱਖ ਮੰਤਰੀ ਬਿਲ ਪੇਸ਼ ਕਰਨਗੇ।

**Chief Minister (Captain Amarinder Singh) :** Sir, I beg to introduce The Punjab State Vigilance Commission Bill, 2020.

---

** **Not recorded as ordered by the Chair.

Sir, I also beg to move that-

The Punjab State Vigilance Commission Bill, 2020 be taken into consideration at once.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਰਾਜ ਚੌਕਸੀ ਕਮਿਸ਼ਨ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਪੰਜਾਬ ਰਾਜ ਚੌਕਸੀ ਕਮਿਸ਼ਨ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2 ਤੇ 3)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2 ਤੇ 3) ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਰਦਾਰ ਹਰਪਾਲ ਸਿੰਘ ਚੀਮਾ :** **

**ਕਲਾਜ਼ਾਂ 2 ਤੋਂ 24**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 24 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ

ਕਿ ਕਲਾਜ਼ਾਂ 2 ਤੋਂ 24 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ–ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਹਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

---

** **Expunged as ordered by the Chair.

**ਮਾਨਯੋਗ ਸਪੀਕਰ:** ਹਾਂ ਜੀ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ :** **

**ਮਾਨਯੋਗ ਸਪੀਕਰ:** ਤੁਸੀਂ ਬੈਠ ਜਾਉ, ਬੈਠੋ। ਮੈਂ ਬੋਲਣ ਦੀ ਇਜਾਜ਼ਤ ਨਹੀਂ ਦਿੰਦਾ। ਤੁਸੀਂ ਬੈਠ ਜਾਉ ਫਿਰ, ਤੁਸੀਂ ਬੈਠ ਜਾਉ, ਮੈਂ ਇਜਾਜ਼ਤ ਨਹੀਂ ਦਿੰਦਾ। ਚਲੋ, ਤੁਸੀਂ ਬੈਠ ਜਾਉ ।(ਵਿਘਨ)(ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਇਸ ਤਰ੍ਹਾਂ ਨਹੀਂ ਚੱਲਣਾ। ਇਹ ਭਾਸ਼ਾ ਨਹੀਂ ਚੱਲਣੀ।(...ਵਿਘਨ, ਸ਼ੋਰ) ਇਹ ਭਾਸ਼ਾ ਨਹੀਂ ਚੱਲਣੀ ਜਿਹੜੀ ਭਾਸ਼ਾ ਤੁਸੀਂ ਬੋਲ ਰਹੇ ਹੋ।(....ਵਿਘਨ, ਸ਼ੋਰ) ਇਹ ਭਾਸ਼ਾ ਨਹੀਂ ਚੱਲੇਗੀ। ਨਹੀਂ ਚੱਲੇਗੀ ਇਹ ਭਾਸ਼ਾ। ਮੈਂ ਬਿਲਕੁਲ ਇਜਾਜ਼ਤ ਨਹੀਂ ਦਿੰਦਾ। ਮੈਂ ਐਸੀ ਭਾਸ਼ਾ ਵਾਸਤੇ ਬਿਲਕੁਲ ਇਜਾਜ਼ਤ ਨਹੀਂ ਦਿੰਦਾ। (...ਵਿਘਨ, ਸ਼ੋਰ) ਮੈਂ ਐਸੀ ਭਾਸ਼ਾ ਵਾਸਤੇ ਬਿਲਕੁਲ ਇਜਾਜ਼ਤ ਨਹੀਂ ਦਿੰਦਾ। (...ਵਿਘਨ, ਸ਼ੋਰ) ਬਿਲਕੁਲ ਇਜਾਜ਼ਤ ਨਹੀਂ ਦਿੰਦਾ। (...ਵਿਘਨ, ਸ਼ੋਰ) ਮੈਂ ਐਸੀ ਭਾਸ਼ਾ ਵਾਸਤੇ ਬਿਲਕੁਲ ਇਜਾਜ਼ਤ ਨਹੀਂ ਦਿੰਦਾ। (...ਵਿਘਨ, ਸ਼ੋਰ) ਮੈਂ ਐਸੀ ਭਾਸ਼ਾ ਵਾਸਤੇ ਬਿਲੁਕਲ ਇਜਾਜ਼ਤ ਨਹੀਂ ਦਿੰਦਾ ।

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

---

**Expunged as ordered by the Chair.

(ਇਸ ਸਮੇਂ ਸਲਾਹਕਾਰ/ਮੁੱਖ ਮੰਤਰੀ, ਸਰਦਾਰ ਕੁਲਜੀਤ ਸਿੰਘ ਨਾਗਰਾ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਮਾਨਯੋਗ ਸਪੀਕਰ ਸਾਹਿਬ ਨੂੰ ਕਹਿ ਰਹੇ ਸਨ ਕਿ ਆਮ ਆਦਮੀ ਪਾਰਟੀ ਆਪਣੇ ਵਤੀਰੇ ਲਈ ਚੇਅਰ ਤੋਂ ਮਾਫੀ ਮੰਗੇ। ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਮੂਹਰਲੀਆਂ ਸੀਟਾਂ ਅੱਗੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਬੀਰ ਸਿੰਘ ਜੀਰਾ, ਸਰਦਾਰ ਪਰਮਿੰਦਰ ਸਿੰਘ ਪਿੰਕੀ, ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) ਅਤੇ ਸਲਾਹਕਾਰ/ਮੁੱਖ ਮੰਤਰੀ, ਸਰਦਾਰ ਕੁਲਜੀਤ ਸਿੰਘ ਨਾਗਰਾ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਆਮ ਆਦਮੀ ਪਾਰਟੀ ਦੇ ਮੂਹਰਲੀਆਂ ਸੀਟਾਂ ਅੱਗੇ ਖੜ੍ਹੇ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਹੁਣ ਮੁੱਖ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Chief Minister (Captain Amarinder Singh) :** Sir, I beg to move -

That the Punjab State Vigilance Commission Bill, 2020 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਰਾਜ ਚੌਕਸੀ ਕਮਿਸ਼ਨ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਰਾਜ ਚੌਕਸੀ ਕਮਿਸ਼ਨ ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਦਨ ਵਿਚੋਂ ਵਾਕ ਆਊਟ ਕਰਦਿਆਂ ਟਰੇਜ਼ਰੀ ਬੈਂਚਿਜ਼ ਪਿੱਛੇ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੈਠਣ ਲਈ ਕਹਿ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਅਮਨ ਜੀ, ਤੁਸੀਂ ਬੋਲੋ, ਜ਼ਰੂਰ ਬੋਲੋ। ਇਹ ਤੁਹਾਡਾ ਹੱਕ ਹੈ ਲੇਕਿਨ ਸਪੀਕਰ ਨੂੰ bully ਕਰਨ ਦੀ ਕੋਸ਼ਿਸ਼ ਬਿਲਕੁਲ ਨਾ ਕਰਿਓ। ਬਿਲਕੁਲ bully ਨਾ ਕਰਿਓ, ਇਹ ਨਹੀਂ ਚੱਲੇਗਾ।(ਵਿਘਨ) (ਸ਼ੋਰ) ਇਹ ਨਹੀਂ ਚੱਲੇਗਾ। ਮੈਂ ਨਹੀਂ ਚੱਲਣ ਦਿੰਦਾ। (ਵਿਘਨ)(ਸ਼ੋਰ) ਇਹ ਨਹੀਂ ਚੱਲੇਗਾ। (ਵਿਘਨ)(ਸ਼ੋਰ) ਇਹ ਨਹੀਂ ਚੱਲੇਗਾ। (ਵਿਘਨ)(ਸ਼ੋਰ) ਬੈਠ ਜਾਓ ਜੀ। ਤੁਸੀਂ ਸਾਰੇ ਖੜ੍ਹੇ ਨਹੀਂ ਹੋ ਸਕਦੇ। ਤੁਹਾਡਾ ਮੈਂਬਰ ਅਮਨ ਅਰੋੜਾ ਖੜ੍ਹਾ ਹੈ। ਤੁਸੀਂ ਸਾਰੇ ਖੜ੍ਹੇ ਨਹੀਂ ਹੋ ਸਕਦੇ।(ਵਿਘਨ)(ਸ਼ੋਰ) ਬੈਠ ਜਾਓ। (ਵਿਘਨ)(ਸ਼ੋਰ) ਸਰਦਾਰ ਗੁਰਪ੍ਰੀਤ ਸਿੰਘ ਕਾਂਗੜ। (ਵਿਘਨ) (ਸ਼ੋਰ)

(ਇਸ ਸਮੇਂ ਸਕੂਲ ਸਿੱਖਿਆ ਮੰਤਰੀ ਸ਼੍ਰੀ ਵਿਜੈ ਇੰਦਰ ਸਿੰਗਲਾ ਲੀਡਰ ਆਫ ਦਿ ਹਾਊਸ ਦੀ ਸੀਟ ਕੋਲ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨੂੰ ਬਿਠਾਉਣ ਦੀ ਕੋਸ਼ਿਸ਼ ਕਰ ਰਹੇ ਸਨ।)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ, ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਹਰਪਾਲ ਸਿੰਘ ਚੀਮਾ ਨੂੰ ਵਾਰ ਵਾਰ ਬੈਠਣ ਲਈ ਕਹਿ ਰਹੇ ਸਨ।ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜੇ ਤੁਸੀਂ ਮਾਫੀ ਮੰਗੋਗੇ ਤਾਂ ਮੈਂ ਬੋਲਣ ਦਿਆਂਗਾ, ਨਹੀਂ ਮੈਂ ਬੋਲਣ ਨਹੀਂ ਦਿਆਂਗਾ।(ਵਿਘਨ)(ਸ਼ੋਰ) ਤੁਸੀਂ ਮਾਫੀ ਮੰਗੋਗੇ ਤਾਂ ਮੈਂ ਬੋਲਣ ਦਿਆਂਗਾ, ਨਹੀਂ ਮੈਂ ਵੀ ਬੋਲਣ ਨਹੀਂ ਦਿਆਂਗਾ। (ਵਿਘਨ) (ਸ਼ੋਰ) ਮੈਂ ਇਸ ਤਰ੍ਹਾਂ ਨਹੀਂ ਬੋਲਣ ਦਿੰਦਾ।

---

## 3. THE REGISTRATION (PUNJAB AMENDMENT) BILL, 2020

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ) :** ਸ਼੍ਰੀਮਾਨ ਜੀ, ਮੈਂ ਰਜਿਸਟ੍ਰੇਸ਼ਨ (ਪੰਜਾਬ ਸੋਧਨਾ) ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਰਜਿਸਟ੍ਰੇਸ਼ਨ (ਪੰਜਾਬ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

---

** **Not recorded as ordered by the Chair.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਰਜਿਸਟ੍ਰੇਸ਼ਨ (ਪੰਜਾਬ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਰਜਿਸਟ੍ਰੇਸ਼ਨ (ਪੰਜਾਬ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਸਲਾਹਕਾਰ ਮੁੱਖ ਮੰਤਰੀ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ ਸੀਟਾਂ ਤੋਂ ਉੱਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ ਨੂੰ ਚੇਅਰ ਦੀ ਸ਼ਾਨ ਦੇ ਖਿਲਾਫ ਵਰਤੀ ਗਈ ਭਾਸ਼ਾ ਲਈ ਮੁਆਫੀ ਮੰਗਣ ਲਈ ਕਹਿ ਰਹੇ ਸਨ, ਜਿਸ ਕਾਰਨ ਸਦਨ ਵਿਚ ਬਹੁਤ ਸ਼ੋਰ ਸੀ।)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਲਗਾਤਾਰ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਜੇ ਤੁਸੀਂ ਪਹਿਲਾਂ ਸੌਰੀ ਫੀਲ ਕਰੋਗੇ ਤਾਂ ਮੈਂ ਗੱਲ ਕਰਾਂਗਾ। (ਵਿਘਨ)(ਸ਼ੋਰ) ਕਿਰਪਾ ਕਰਕੇ ਆਪਣੀਆਂ ਸੀਟਾਂ ਤੇ ਬੈਠੋ। ਪਲੀਜ਼, ਸਾਰੇ ਸੀਟਾਂ ਤੇ ਬੈਠੋ। (ਵਿਘਨ) ਪਲੀਜ਼, ਸੀਟਾਂ ਤੇ ਬੈਠੋ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

[ਮਾਨਯੋਗ ਸਪੀਕਰ]

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ। (ਵਿਘਨ)(ਸ਼ੋਰ)***

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੇਰਾ ਮਾਈਕ ਆਨ ਕਰ ਦਿਉ ਜੀ। ਮੈਂ ਕੁਝ ਕਹਿਣਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੀ ਅਮਨ ਅਰੋੜਾ, ਮੈਂਬਰ, ਆਮ ਆਦਮੀ ਪਾਰਟੀ ਦਾ ਮਾਈਕ ਆਨ ਕਰ ਦਿੱਤਾ ਗਿਆ ਪਰ ਇਸ ਦੇ ਵਿਰੋਧ ਵਿੱਚ ਸਲਾਹਕਾਰ/ ਮੁੱਖ ਮੰਤਰੀ, ਸਰਦਾਰ ਕੁਲਜੀਤ ਸਿੰਘ ਨਾਗਰਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਹਰਪ੍ਰਤਾਪ ਸਿੰਘ, ਸਰਦਾਰ ਕੁਲਬੀਰ ਸਿੰਘ ਜ਼ੀਰਾ, ਸਰਦਾਰ ਪਰਮਿੰਦਰ ਸਿੰਘ ਪਿੰਕੀ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) ਅਤੇ ਸਰਦਾਰ ਦਵਿੰਦਰ ਸਿੰਘ ਘੁਬਾਇਆ ਆਪਣੀਆਂ-ਆਪਣੀਆਂ ਸੀਟਾਂ ਛੱਡ ਕੇ ਵੈੱਲ ਆਫ ਦਿ ਹਾਊਸ ਵਿੱਚ ਰਿਪੋਰਟਰਜ਼ ਦੇ ਟੇਬਲਾਂ ਕੋਲ ਆ ਕੇ ਵਿਰੋਧ ਕਰਨ ਲੱਗ ਪਏ ਕਿ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਨੂੰ ਹਮੇਸ਼ਾ ਬੋਲਣ ਲਈ ਟਾਈਮ ਮਿਲਦਾ ਹੈ ਇਸ ਦੇ ਬਾਵਜੂਦ ਉਨ੍ਹਾਂ ਨੇ ਚੇਅਰ ਦੇ ਖਿਲਾਫ ਮਾੜੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਇਸ ਲਈ ਉਹ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ ਨੂੰ ਚੇਅਰ ਦੀ ਸ਼ਾਨ ਦੇ ਖਿਲਾਫ ਵਰਤੀ ਗਈ ਭਾਸ਼ਾ ਲਈ ਮੁਆਫੀ ਮੰਗਣ ਲਈ ਕਹਿ ਰਹੇ ਸਨ, ਜਿਸ ਕਾਰਨ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ:** ਮੈਨੂੰ ਇੱਕ ਮਿੰਟ ਦੇ ਦਿਉ। (ਵਿਘਨ)(ਸ਼ੋਰ) ਮੈਨੂੰ ਇੱਕ ਮਿੰਟ ਦੇ ਦਿਉ। ਚੀਮਾ ਜੀ, ਇੱਕ ਮਿੰਟ ਜੀ। (ਵਿਘਨ) ਮੈਨੂੰ ਇੱਕ ਮਿੰਟ ਦੇ ਦਿਉ। ਚਲੋ, ਇੱਕ ਮਿੰਟ ਦੇ ਦਿਉ।(ਵਿਘਨ) ਚੀਮਾ ਜੀ, ਉਠ ਕੇ ਖੜ੍ਹੇ ਹੋਵੋ। ਮੈਂ ਤੁਹਾਨੂੰ ਰਿਕੁਐਸਟ ਕਰਨੀ ਚਾਹੁੰਦਾ ਹਾਂ। ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਰਿਕੁਐਸਟ ਕਰਦਾ ਹਾਂ (ਵਿਘਨ)(ਸ਼ੋਰ) ਪਾਹੜਾ ਜੀ, ਬੈਠ ਜਾਵੋ। ਅਰੋੜਾ ਜੀ, ਬੈਠ ਜਾਵੋ। ਮੈਨੂੰ ਚੀਮਾ ਜੀ ਨਾਲ ਗੱਲ ਕਰ ਲੈਣ ਦਿਉ। (ਵਿਘਨ) ਚੀਮਾ ਜੀ, ਸਾਨੂੰ ਤੁਹਾਡੀ ਭਾਸ਼ਾ ਨਾਲ ਸਖ਼ਤ ਇਤਰਾਜ਼ ਹੈ। ਇਹ ਗੈਰ ਮਰਿਆਦਤ ਭਾਸ਼ਾ ਹਾਊਸ ਵਿੱਚ ਬੋਲੀ ਨਹੀਂ ਜਾ ਸਕਦੀ। ਅਰੋੜਾ ਜੀ, ਇੱਕ ਮਿੰਟ, ਬੈਠ ਜਾਵੋ। ਅਰੋੜਾ ਜੀ, ਮੇਰੀ ਗੱਲ ਚੀਮਾ ਜੀ ਨਾਲ ਹੋ ਰਹੀ ਹੈ। (ਵਿਘਨ)(ਸ਼ੋਰ) ਚੀਮਾ ਜੀ ਬੋਲਣਗੇ। ਪਹਿਲਾਂ ਚੀਮਾ ਜੀ ਬੋਲਣਗੇ। ਫਿਰ ਹੀ ਚੱਲੇਗਾ। ਚੀਮਾ ਜੀ, ਬੋਲੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਮੁੱਖ ਮੰਤਰੀ ਦੀ ਸੀਟ ਕੋਲ ਖੜ੍ਹੇ ਹੋ ਕੇ ਚੇਅਰ ਨੂੰ ਵਿਰੋਧੀ ਧਿਰ ਦੇ ਨੇਤਾ ਵੱਲੋਂ ਮੁਆਫੀ ਮੰਗੇ ਜਾਣ ਤੱਕ ਆਮ ਆਦਮੀ ਪਾਰਟੀ ਦੇ ਕਿਸੇ ਮੈਂਬਰ ਨੂੰ ਬੋਲਣ ਲਈ ਸਮਾਂ ਨਾ ਦੇਣ ਬਾਰੇ ਕਹਿ ਰਹੇ ਸੀ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ। )

**ਮਾਨਯੋਗ ਸਪੀਕਰ:** ਹੁਣ ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨਗੇ। (ਵਿਘਨ)(ਸ਼ੋਰ)

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਰਜਿਸਟ੍ਰੇਸ਼ਨ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਰਜਿਸਟ੍ਰੇਸ਼ਨ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਰਜਿਸਟ੍ਰੇਸ਼ਨ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---------

(ਇਸ ਸਮੇਂ ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਚੇਅਰ ਵੱਲੋਂ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ** ਨਾਅਰੇ ਮਾਰਦੇ ਹੋਏ ਆਪਣੀਆਂ ਸੀਟਾਂ ਤੋਂ ਉੱਠ ਕੇ ਵੈਲ ਆਫ ਦਿ ਹਾਊਸ ਵਿਚ ਆ ਗਏ। ** ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

## 4. THE PUNJAB TISSUE CULTURE BASED SEED POTATO BILL, 2020

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ, ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪਟੈਟੋ ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪਟੈਟੋ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪਟੈਟੋ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪਟੈਟੋ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**Not recorded as ordered by the Chair.

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀਆਂ ਸਬ-ਕਲਾਜ਼ਾ (2 ਤੇ 3)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀਆਂ ਸਬ ਕਲਾਜ਼ਾ (2 ਤੇ 3) ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 14**

**ਮਾਨਯੋਗ ਸਪੀਕਰ :**ਕਿਉਂਜੋ ਕਲਾਜ਼ਾਂ 2 ਤੋਂ 14 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 14 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਖੇਡਾਂ ਤੇ ਯੁਵਕ ਮਾਮਲੇ ਮੰਤਰੀ, ਰਾਣਾ ਗੁਰਮੀਤ ਸਿੰਘ ਸੋਢੀ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਆਮ ਆਦਮੀ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਮੈਂਬਰਾਂ ਨਾਲ ਬਹਿਸ ਕਰ ਰਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼, ਤੁਸੀਂ ਆਪਣੀਆਂ ਸੀਟਾਂ ਤੇ ਬੈਠੋ। ਰਾਣਾ ਜੀ, ਇਨ੍ਹਾਂ ਨੂੰ ਰੋਕੋ।(ਵਿਘਨ)(ਸ਼ੋਰ)

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਵਿੱਤ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪਟੈਟੋ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪਟੈਟੋ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

> ਕਿ ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪਟੈਟੋ ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

--------

## WALK OUT

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਵੱਲੋਂ ਚੇਅਰ ਦੀ ਸ਼ਾਨ ਦੇ ਖਿਲਾਫ ਗੈਰ-ਮਰਿਆਦਤ ਭਾਸ਼ਾ ਬੋਲਣ ਕਾਰਨ ਸਦਨ ਵਿੱਚ ਵਾਪਰੇ ਸ਼ੋਰ-ਸ਼ਰਾਬੇ ਦੌਰਾਨ ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਦਨ ਵਿੱਚੋਂ ਵਾਕ ਆਊਟ ਕਰ ਗਏ।)

--------

## LEGISLATIVE BUSINENSS *(Resumption)*

## 5. THE PUNJAB LAND REVENUE (AMENDMENT) BILL, 2020

**ਮਾਨਯੋਗ ਸਪੀਕਰ:** ਮਾਲ ਮੰਤਰੀ ਜੀ, ਬਿਲ ਪੇਸ਼ ਕਰਨ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸ਼੍ਰੀਮਾਨ ਜੀ, ਮੈਂ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

> ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਨ੍ਹਾਂ ਨੂੰ ਹਾਊਸ ਚਲ ਲੈਣ ਦੇਣਾ ਚਾਹੀਦਾ ਸੀ। (ਵਿਘਨ)

**ਮਾਨਯੋਗ ਸਪੀਕਰ :** ਇੱਕ ਮਿੰਟ, ਪਹਿਲਾਂ ਸ਼ਰਮਾ ਜੀ ਨੂੰ ਬੋਲ ਲੈਣ ਦਿਓ।

**ਸ਼੍ਰੀ ਐਨ.ਕੇ.ਸ਼ਰਮਾ (ਡੇਰਾਬੱਸੀ):** ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਕੀਤਾ ਗਿਆ ਹੈ, ਜੇਕਰ ਇਹ ਬਿਲ ਗਰੀਬ ਔਰ ਛੋਟੇ ਕਿਸਾਨਾਂ ਦੀ ਮਦਦ ਵਾਸਤੇ ਹੈ ਫਿਰ ਤਾਂ ਬਹੁਤ ਵਧੀਆ ਬਿਲ ਹੈ ਪਰ ਇਸ ਬਿਲ ਦੇ ਨਾਲ ਹੋ ਇਹ ਰਿਹਾ ਹੈ ਕਿ ਜਿਹੜਾ ਪੰਜਾਬ ਦੇ ਅੰਦਰ ਲੈਂਡ ਮਾਫੀਆ ਹੈ, ਉਹ ਪਹਿਲਾਂ ਜ਼ਮੀਨਾਂ ਤੇ ਕਬਜ਼ੇ ਕਰਦੇ ਹਨ, ਬਾਅਦ ਵਿੱਚ ਜ਼ਮੀਨਾਂ ਦੀਆਂ ਰਜਿਸਟਰੀਆਂ ਕਰਵਾਉਣਾ ਸ਼ੁਰੂ ਕਰਵਾ ਲੈਂਦੇ ਹਨ। ਮੈਂ ਇੱਕ ਛੋਟੀ ਜਿਹੀ ਉਦਾਹਰਣ ਦਿੰਦਾ ਹਾਂ। ਜ਼ੀਰਕਪੁਰ ਵਿੱਚ ਬਿਲਕੁਲ ਨੈਸ਼ਨਲ ਹਾਈਵੇਅ ਦੇ ਨਾਲ ਪੰਜ ਏਕੜ ਜ਼ਮੀਨ ਜਿਸ ਦੀ ਕੀਮਤ 50 ਕਰੋੜ ਰੁਪਿਆ ਹੈ, ਭੌਂ ਮਾਫੀਏ ਨੇ ਉਸ ਤੇ ਦਰਖਤ ਕੱਟ ਕੇ ਕਬਜ਼ਾ ਵੀ ਕਰ ਲਿਆ ਹੈ ਅਤੇ ਇਸ ਬਿਲ ਦੀ ਆੜ ਵਿੱਚ ਉਨ੍ਹਾਂ ਨੇ ਆਪਣੀ ਰਜਿਸਟਰੀ ਵੀ ਕਰਵਾ ਲੈਣੀ ਹੈ, ਕਿਉਂਕਿ ਉਨ੍ਹਾਂ ਨੂੰ ਇਸ ਐਕਟ ਦਾ ਪਹਿਲਾਂ ਹੀ ਪਤਾ ਲੱਗ ਚੁੱਕਿਆ ਹੈ। ਇਸ ਤੋਂ ਇਲਾਵਾ ਇੱਕ ਹੋਰ 5 ਏਕੜ ਜ਼ਮੀਨ ਜਿਸ ਦਾ ਮੈਂ ਪੂਰਾ ਰਿਕਾਰਡ ਰੈਜ਼ੋਲਿਊਸ਼ਨ ਪਾ ਕੇ ਮਾਨਯੋਗ ਮੰਤਰੀ ਜੀ ਕੋਲ ਭੇਜਿਆ ਸੀ, ਉਸ ਤੇ ਵੀ ਕੋਈ ਕਾਰਵਾਈ ਨਹੀਂ ਹੋਈ। ਇਸ ਬਿਲ ਦੇ ਤਹਿਤ ਉਸ ਤਰ੍ਹਾਂ ਦੀਆਂ ਜ਼ਮੀਨਾਂ ਦੀਆਂ ਵੀ ਰਜਿਸਟਰੀਆਂ ਹੋ ਜਾਣੀਆਂ ਹਨ। ਸਾਡੇ ਇੱਕ ਮੰਤਰੀ ਜੀ ਨੇ ਬਲੌਂਗੀ ਵਿੱਚ 11 ਏਕੜ ਜ਼ਮੀਨ ਜਿਸ ਦੀ ਕੀਮਤ ਘੱਟ ਤੋਂ ਘੱਟ 150 ਕਰੋੜ ਰੁਪਿਆ ਹੈ, 31 ਸਾਲ ਵਾਸਤੇ ਲੀਜ਼ ਤੇ ਲੈ ਲਈ ਕਿ ਉਥੇ ਮੈਰਿਜ ਪੈਲੇਸ ਬਣਾਵਾਂਗੇ ਜਾਂ ਗਊਸ਼ਾਲਾ ਬਣਾਵਾਂਗੇ। ਉਸ ਦੀ ਕੱਲ੍ਹ ਹੀ ਹਾਈ ਕੋਰਟ ਵਿੱਚ ਸਟੇਅ ਹੋਈ ਹੈ। ਉਸੇ ਮੰਤਰੀ ਜੀ ਨੇ ਨੈਸ਼ਨਲ ਏਅਰਪੋਰਟ ਰੋਡ ਤੇ ਇੱਕ ਸਸਤੀ ਜ਼ਮੀਨ 10-20 ਲੱਖ ਰੁਪਿਆ ਪ੍ਰਤੀ ਏਕੜ ਤੇ ਲੈ ਕੇ ਤਬਾਦਲਾ ਕਰਵਾ ਲਿਆ। ਸੋ, ਇਸ ਐਕਟ ਨਾਲ ਮੈਂ ਸਮਝਦਾ ਹਾਂ ਕਿ ਕਿਸੇ ਜ਼ਿਮੀਂਦਾਰ ਨੂੰ ਫਾਇਦਾ ਤਾਂ ਨਹੀਂ ਹੋਣਾ ਪਰ ਜਿਹੜਾ ਲੈਂਡ ਮਾਫੀਆ ਹੈ ਜਿਸ ਨੇ ਐਕਟ ਆਉਣ ਤੋਂ ਪਹਿਲਾਂ ਹੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਉਨ੍ਹਾਂ ਨੂੰ ਹੀ ਫਾਇਦਾ ਹੋਣਾ ਹੈ। ਉਨ੍ਹਾਂ ਦੀਆਂ 4 ਜ਼ਮੀਨਾਂ ਦਾ ਤਾਂ ਮੈਂ ਹੀ 5-7 ਸੌ ਕਰੋੜ ਰੁਪਏ ਦੀ ਦਿਖਾ ਦਿੰਦਾ ਹਾਂ। ਸਪੀਕਰ

ਸਾਹਿਬ, ਇਸ ਬਿਲ ਤੇ ਇਹ ਕੰਡੀਸ਼ਨ ਲਾਈ ਜਾਵੇ ਕਿ ਅਰਬਨ ਜ਼ਮੀਨਾਂ ਜਿਨ੍ਹਾਂ ਤੇ ਸਾਡੇ ਮਨਿਸਟਰ ਸਾਹਿਬਾਨ ਦੀਆਂ ਅੱਖਾਂ ਹਨ ਇਸ ਐਕਟ ਥੱਲੇ ਬਿਲਕੁਲ ਨਹੀਂ ਆਉਣੀਆਂ ਚਾਹੀਦੀਆਂ। ਮੇਰੇ ਕੋਲ ਸਬੂਤ ਹੈ, ਪਰੂਫ ਹੈ, ਅਤੇ ਹਾਈ ਕੋਰਟ ਨੇ ਸਟੇਅ ਦੇ ਦਿੱਤੀ ਹੈ। ਮਨਿਸਟਰ ਸਾਹਿਬ, ਸਿੱਧੂ ਸਾਹਿਬ ਬੈਠੇ ਹਨ, ਦੋ ਜ਼ਮੀਨਾਂ ਤਾਂ ਹੁਣੇ ਇਨ੍ਹਾਂ ਨੇ ਆਪਣੇ ਨਾਮ ਤੇ ਕਰਵਾਈਆਂ ਹਨ, ਮੇਰੇ ਸਾਹਮਣੇ ਬੈਠੇ ਹਨ, ਮੈਂ ਦੱਸ ਰਿਹਾ ਹਾਂ, ਇੱਕ ਬਲੌਂਗੀ ਦੀ 11 ਏਕੜ ਜ਼ਮੀਨ ਹੈ, ਇੱਕ ਐਰੋਸਿਟੀ ਵਿੱਚ ਪਿੰਡ ਤੰਗੋਰੀ ਵਿੱਚ ਜ਼ਮੀਨ ਪਿੱਛੇ ਜਿਹੇ 20-25 ਲੱਖ ਰੁਪਏ ਪ੍ਰਤੀ ਏਕੜ ਨੂੰ ਖਰੀਦ ਕੇ ਜੋ ਕਿ 10 ਕਰੋੜ ਰੁਪਏ ਦੀ ਸੀ, ਉਸ ਤੇ ਤਬਾਦਲਾ ਕਰਕੇ ਕਬਜ਼ਾ ਕਰ ਲਿਆ। ਸਪੀਕਰ ਸਾਹਿਬ, ਇਹ ਜ਼ਮੀਨਾਂ ਤੇ ਕਬਜ਼ਾ ਕਰਨ ਵਾਸਤੇ ਐਕਟ ਆ ਰਿਹਾ ਹੈ, ਨਾ ਕਿ ਕਿਸੇ ਜ਼ਿਮੀਂਦਾਰ ਨੂੰ ਫਾਇਦਾ ਪਹੁੰਚਾਉਣ ਵਾਸਤੇ ਆ ਰਿਹਾ ਹੈ। ਮੇਰੀ ਬੇਨਤੀ ਹੈ ਕਿ ਇਸ ਤੇ ਬਾਰ ਲਾਇਆ ਜਾਵੇ ਕਿ ਜਿਹੜੀ ਮਿਉਂਸੀਪਲ ਕੌਂਸਲ ਦੀ ਪ੍ਰਾਪਰਟੀ ਹੈ, ਅਰਬਨ ਜ਼ਮੀਨ ਹੈ ਉਸ ਤੇ ਧੱਕੇ ਨਾਲ ਕਬਜ਼ਾ ਕਰਕੇ ਕੋਈ ਆਪਣੇ ਨਾਮ ਨਾ ਲਗਾ ਸਕੇ। ਪਰ ਹੋਣਾ ਇਹੀ ਹੈ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਸਪੀਕਰ ਸਾਹਿਬ, ਇੱਕ ਮਿੰਟ ਜੀ।

**ਮਾਨਯੋਗ ਸਪੀਕਰ:** ਨਾਗਰਾ ਜੀ ਤਾਂ ਬੋਲਣਾ ਜੇ ਕੋਈ ਪੁਆਇੰਟ ਆਫ ਆਰਡਰ ਹੈ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਬੜੀ ਵਧੀਆ ਗੱਲ ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਕਹੀ ਹੈ। ਮੇਰੀ ਬੇਨਤੀ ਹੈ ਕਿ ਮੈਂ ਪਿਛਲੇ ਸੈਸ਼ਨ ਵਿੱਚ ਵੀ ਹੱਥ ਜੋੜ ਕੇ ਤੁਹਾਨੂੰ ਇੱਕ ਬੇਨਤੀ ਕੀਤੀ ਸੀ ਪਰ ਤੁਸੀਂ ਉਹ ਰਿਜੈਕਟ ਕਰ ਦਿੱਤੀ ਸੀ ਕਿ ਜਿੰਨੇ ਵੀ ਲੈਂਡ ਮਾਫੀਆ ਨੇ ਪਿਛਲੇ 20 ਸਾਲਾਂ ਦੇ ਵਿੱਚ ਜਿੱਥੇ-ਜਿੱਥੇ ਵੀ ਜ਼ਮੀਨਾਂ ਤੇ ਕਬਜ਼ੇ ਕੀਤੇ ਹਨ ਅਤੇ ਸਾਡੀਆਂ ਸਾਰਿਆਂ ਦੀਆਂ ਪ੍ਰਾਪਰਟੀਆਂ 20-25 ਸਾਲ ਪਹਿਲਾਂ ਦੀਆਂ ਤੇ ਹੁਣ ਦੀਆਂ ਕਿ ਅਸੀਂ ਕਿੱਥੋਂ ਤੱਕ ਹੋਰ ਨਵੀਆਂ ਪ੍ਰਾਪਰਟੀਆਂ ਤੱਕ ਪਹੁੰਚ ਗਏ ਹਾਂ, ਅਸੀਂ ਕਿੰਨੇ-ਕੁ ਮਾਲਦਾਰ ਹੋ ਗਏ ਹਾਂ। ਇਹ ਸਾਰੀ ਇਨਕੁਆਰੀ ਹਾਊਸ ਇੱਕ ਕਮੇਟੀ ਬਣਾ ਕੇ ਕਰਵਾਵੇ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਇਹ ਬਹੁਤ ਵਧੀਆ ਗੱਲ ਹੈ। ਇਹ ਬਿਲਕੁਲ ਠੀਕ ਕਹਿ ਰਹੇ ਹਨ।

**ਮਾਨਯੋਗ ਸਪੀਕਰ:** ਟੀਨੂ ਜੀ ,ਬੈਠ ਜਾਓ, ਇਹ ਹਾਊਸ ਦਾ ਕੰਮ ਨਹੀਂ ਹੈ।ਇਹ ਹਾਊਸ ਦਾ ਕੰਮ ਨਹੀਂ ਹੈ। ਹਾਂ ਜੀ, ਸਰਦਾਰ ਸੁਖਪਾਲ ਸਿੰਘ ਖਹਿਰਾ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਇਹ ਫਰਜ਼ੀ ਇਨਕਲਾਬੀਆਂ (ਵਾਕ ਆਊਟ ਕਰ ਗਏ ਆਪ ਮੈਂਬਰਾਂ ਨੂੰ ਬਾਰੇ ਬੋਲਦੇ ਹੋਏ) ਨੇ ਹਾਊਸ ਵਿੱਚ ਥੋੜ੍ਹਾ ਖੱਲਲ ਜਿਹਾ ਪਾ ਦਿੱਤਾ ਹੈ। ਇਨ੍ਹਾਂ ਕਰਕੇ ਸਦਨ ਵਿੱਚ ਬੜੇ ਇੰਪਾਰਟੈਂਟ ਬਿਲ ਧੜਾ ਧੜ ਪਾਸ ਹੋ ਗਏ **। ਇਨ੍ਹਾਂ ਨੂੰ ਮੁਆਫੀ ਮੰਗ ਲੈਣੀ ਚਾਹੀਦੀ ਸੀ। ਜਦੋਂ ਕੇਜਰੀਵਾਲ ਨੇ ਮੁਆਫੀ ਮੰਗ ਲਈ ਤਾਂ ਇਨ੍ਹਾਂ ਦਾ ਕੀ ਜਾਂਦਾ ਸੀ ਜਦੋਂ ਕਿ ਇਹ ਸਾਰੇ ਉਸ ਤੋਂ ਛੋਟੇ ਹਨ। ਐਵੇਂ ਹੀ ਵੱਕਾਰ ਦਾ ਸਵਾਲ ਬਣਾ ਕੇ ਬਹਿ ਗਏ। ਅੱਜ ਇਹ ਸਾਰੇ 7 ਬਿਲ ਹਨ। ਮੈਂ ਥੋੜ੍ਹੀ ਜਿਹੀ ਲੈਂਡ ਮਾਫੀਆ ਦੀ ਗੱਲ ਕਰਨੀ ਹੈ, ਮੈਨੂੰ ਇਜਾਜ਼ਤ ਦੇ ਦਿਉਗੇ ਜੀ?

**ਮਾਨਯੋਗ ਸਪੀਕਰ :** ਕਰੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੇਰੀ ਬੇਨਤੀ ਹੈ ਕਿ ਪਹਿਲਾਂ ਤਾਂ ਇਨ੍ਹਾਂ 7 ਬਿਲਾਂ ਦੀ ਕੋਈ ਕਾਪੀ ਸਾਡੇ ਟੇਬਲ ਤੇ ਨਹੀਂ ਆਈ। ਕੋਈ ਅਮੈਂਡਮੈਂਟਸ ਕੀਤੀਆਂ ਸਨ। ਇਸ ਵੇਲੇ ਮੇਰੇ ਕੋਲ ਇਹ ਤਿੰਨ ਕਾਗਜ਼ ਹਨ, ਸਿਰਫ ਲੈਜਿਸਲੇਟਿਵ ਬਿਜ਼ਨਸ ਦਾ ਕਾਗਜ਼ ਹੈ।

**ਮਾਨਯੋਗ ਸਪੀਕਰ :** 4 ਦਿਨ ਪਹਿਲਾਂ ਦੇ ਚਲੇ ਗਏ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ:** 4 ਦਿਨ ਪਹਿਲਾਂ ਸਾਡੇ ਕੋਲ ਕੋਈ ਬਿਲ ਨਹੀਂ ਆਏ ਜੀ।ਇੱਥੇ ਰੱਖ ਦਿੰਦੇ ਹਾਂ ਅਤੇ ਗਵਾਚ ਜਾਂਦੀਆਂ ਹਨ, ਇਸ ਦਾ ਕੋਈ ਫਾਇਦਾ ਨਹੀਂ।

**ਮਾਨਯੋਗ ਸਪੀਕਰ :** ਨਹੀਂ ਜੀ। ਮੈਂ ਦੱਸਦਾ ਹਾਂ।ਇੱਕ ਮਿੰਟ ਬਹਿ ਜਾਉ। ਕਿਤੇ ਕਮਿਊਨੀਕੇਸ਼ਨ ਗੈਪ ਰਹਿ ਗਿਆ ਹੈ। ਅਸੀਂ ਈ-ਮੇਲ ਰਾਹੀਂ ਤੁਹਾਡੀ ਈਮੇਲ ਤੇ ਭੇਜੀਆਂ ਹਨ। ਤੁਸੀਂ ਪਲੀਜ਼ ਚੈੱਕ ਕਰ ਲੈਣਾ, ਚਾਰ ਦਿਨ ਪਹਿਲਾਂ ਭੇਜੀਆਂ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੈਂ ਵਿਜੀਲੈਂਸ ਕਮਿਸ਼ਨ ਬਿਲ ਦੇ ਸਬੰਧ ਵਿੱਚ ਗੱਲ ਕਰਨੀ ਹੈ। ਇਹ ਲੈਂਡ ਮਾਫੀਆ ਨਾਲ ਕੁਨੈਕਟਿਡ ਗੱਲ ਹੈ ਅਤੇ ਇਸ ਤੇ ਢੁੱਕਦੀ ਹੈ। ਵਿਜੀਲੈਂਸ ਕਮਿਸ਼ਨ ਬਣਾਇਆ ਜਾ ਰਿਹਾ ਹੈ, ਬੜੀ ਅੱਛੀ ਗੱਲ ਹੈ। ਇਸ ਦਾ ਮਕਸਦ ਹੈ to check the corruption at higher places. ਇੱਕ ਬਹੁਤ ਹੀ ਸਟਾਰਟਲਿੰਗ ਕੇਸ ਹੈ, ਬੀਬੀ ਜਗੀਰ ਕੌਰ ਦੇ ਖਿਲਾਫ ਇੱਕ 2011 ਦੀ ਕੰਪਲੇਂਟ ਪੈਂਡਿੰਗ ਹੈ। ਮੁੱਖ ਮੰਤਰੀ ਸਾਹਿਬ, 2011 ਦੀ ਕੰਪਲੇਂਟ ਨੰਬਰ 390.....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

---

** **Expunged as ordered by the Chair.

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸ਼ਰਮਾ ਜੀ, ਇੱਕ ਮਿੰਟ ਜੀ, ਗੱਲ ਤਾਂ ਕਰ ਲੈਣ ਦਿਉ। ਇਹ ਕੰਪਲੇਂਟ ਲੋਕਪਾਲ ਕੋਲ ਹੈ, ਕਿਉਂਕਿ ਉਹ ਪੁਲੀਟੀਕਲ ਆਦਮੀ ਹਨ, ਐਕਸ ਮਨਿਸਟਰ ਹਨ, ਉਹ ਇਸ ਦੇ ਐਮਬਿਟ ਵਿੱਚ ਆਉਂਦੇ ਸੀ। George Shubh ਕੰਪਲੇਨੈਂਟ ਹੈ, 390 ਕੰਪਲੇਂਟ ਨੰਬਰ ਹੈ ਅਤੇ ਇਹ 2011 ਦੀ ਲੋਕਪਾਲ ਕੋਲ ਪੈਂਡਿੰਗ ਪਈ ਹੈ। ਅੱਜ ਦੇਖ ਲਉ ਕਿ 9 ਸਾਲ ਹੋ ਗਏ ਹਨ। If this is the speed to check corruption ਤਾਂ higher places ਤੇ ਇਹ ਕਿਸ ਤਰ੍ਹਾਂ ਖਤਮ ਹੋਵੇਗੀ? ਇਸ ਵਿੱਚ ਕੀ ਕੀਤਾ ਗਿਆ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਨਗਰ ਪੰਚਾਇਤ ਬੇਗੋਵਾਲ ਦੀ ਬੇਸ਼ਕੀਮਤੀ ਜ਼ਮੀਨ ਘੱਟੋ-ਘੱਟ 100 ਕਰੋੜ ਰੁਪਏ ਦੀ ਹੈ ਇਸ ਬਾਰੇ ਕੰਪਲੇਂਟ ਦਾ ਇੰਨਾ ਵੱਡਾ ਪੁਲੰਦਾ ਬੰਨ੍ਹਕੇ ਲੋਕਪਾਲ ਕੋਲ ਭੇਜੀ ਪਈ ਹੈ। ਜਦੋਂ ਉਸ ਦਾ ਕੁਝ ਨਹੀਂ ਹੋਇਆ ਤਾਂ 2015 ਵਿੱਚ the man was constraincd to move the Hon'ble High Court of Punjab and Haryana. ਹੁਣ ਉਸ ਦੀ ਪਲੀਅ ਲੈ ਕੇ ਹਾਈ ਕੋਰਟ ਨੇ ਤਾਂ ਸਿਰਫ ਇਹ ਕਿਹਾ ਹੈ ਕਿ ਇਹ ਸਾਰੀ ਕੰਪਲੇਂਟ ਨੂੰ ਸਪੀਡਨ-ਅੱਪ ਕੀਤਾ ਜਾਵੇ। ਪਤਾ ਨਹੀਂ ਕੀ plea ਲੈ ਕੇ ਇਹ ਸਾਰਾ ਮਸਲਾ ਦੱਬਿਆ ਗਿਆ ਹੈ। ਜੇ ਕੁਰੱਪਸ਼ਨ ਐਟ ਹਾਇਰ ਪਲੇਸਿਜ਼ ਵਾਕਿਆ ਹੀ ਚੈੱਕ ਕਰਨੀ ਹੈ ਤਾਂ ਉਸ ਦੀ ਕੋਈ ਟਾਈਮ ਲਿਮਿਟ ਬੰਨ ਦਿਉ। ਆਮ ਤੌਰ ਤੇ ਵਿਜੀਲੈਂਸ ਬਿਊਰੋ ਵਗੈਰਾ ਪਟਵਾਰੀਆਂ ਅਤੇ ਛੋਟੇ-ਛੋਟੇ ਹੌਲਦਾਰਾਂ ਦੀ ਕੁਰੱਪਸ਼ਨ ਤਾਂ ਚੈੱਕ ਕਰਦੇ ਹਨ ਪਰ ਕੁਰੱਪਸ਼ਨ ਤਾਂ ਉੱਪਰੋਂ ਹੀ ਸਟਾਰਟ ਹੁੰਦੀ ਹੈ। ਜਿਹੜੇ ਵੱਡੇ ਅਫਸਰ ਹਨ, ਜਿਨ੍ਹਾਂ ਦੇ ਖਿਲਾਫ ਕੋਈ ਠੋਸ ਕਾਰਵਾਈ ਹੋਈ ਹੋਵੇ, ਜਿਸ ਦਾ ਕੋਈ ਨਤੀਜਾ ਨਿਕਲਿਆ ਹੋਵੇ, ਮੈਂ ਅੱਜ ਤੱਕ ਨਹੀਂ ਸੁਣੀ ਹੈ। ਇਸ ਲਈ ਜੇਕਰ ਤੁਸੀਂ ਵਿਜੀਲੈਂਸ ਕਮਿਸ਼ਨ ਬਣਾ ਰਹੇ ਹੋ ਤਾਂ ਇਨਕੁਆਰੀ ਨੂੰ ਟਾਈਮ ਬਾਊਂਡ ਕਰੋ। ਇਨਕੁਆਰੀਆਂ ਹੀ 8-8, 10-10 ਸਾਲ ਚੱਲੀ ਜਾਂਦੀਆਂ ਹਨ।

**ਮਾਨਯੋਗ ਸਪੀਕਰ :** ਵਿਜੀਲੈਂਸ ਕਮਿਸ਼ਨ ਬਿਲ ਪਾਸ ਹੋ ਚੁੱਕਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮੈਨੂੰ ਪਤਾ ਹੈ ਜੀ। ਮੈਂ ਤਾਂ ਟਾਈਮ ਸਿਰ ਖੜ੍ਹਾ ਹੋ ਗਿਆ ਸੀ। ਇਨ੍ਹਾਂ (ਵਾਕ ਆਉਟ ਕਰ ਗਏ ਆਪ ਮੈਂਬਰਾਂ ਨੂੰ ਬਾਰੇ ਬੋਲਦੇ ਹੋਏ) ** ਦੇ ਕਰਕੇ ਨਹੀਂ ਬੋਲ ਸਕਿਆ। (ਹਾਸਾ)

**ਮਾਨਯੋਗ ਸਪੀਕਰ :** ਤੁਹਾਡਾ ਹੀ ਪਰਿਵਾਰ ਹੈ। ਇਹ ਤੁਹਾਡਾ ਹੀ ਪਰਿਵਾਰ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਹਾਂ ਜੀ ਸਪੀਕਰ ਸਾਹਿਬ.....

**ਮਾਨਯੋਗ ਸਪੀਕਰ :** ਹੁਣ ਬੈਠੋ।

---

** **Expunged as ordered by the Chair.

**ਸਰਦਾਰ ਸੁਖਪਾਲ ਸਿੰਘ ਖਹਿਰਾ :** ਨਹੀਂ, ਸਪੀਕਰ ਸਾਹਿਬ, ਮੇਰੀ ਸਪੀਚ ਹਾਲੇ ਰਹਿੰਦੀ ਹੈ। ਸੀ.ਐਮ. ਸਾਹਿਬ this is a very important issue.

**ਮਾਨਯੋਗ ਸਪੀਕਰ :** ** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।

**Sardar Sukhpal Singh Khaira:** I am quite sure ਤੁਹਾਡੇ ਸਟਾਫ ਨੇ ਨੋਟ ਕਰ ਲਿਆ ਹੈ। ਇਸ ਦੀ cognizance ਲੈ ਕੇ ਇਸ ਨੂੰ ਅੰਜਾਮ ਤੱਕ ਪਹੁੰਚਾ ਦਿਉ, ਇਸ ਨਾਲ ਸਰਕਾਰ ਦੀ 100 ਕਰੋੜ ਦੀ ਜਾਇਦਾਦ ਬਚੇਗੀ।

**ਮਾਨਯੋਗ ਸਪੀਕਰ :** ਹਾਂ ਜੀ, ਬੈਂਸ ਸਾਹਿਬ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ) :** ਬਹੁਤ ਸ਼ੁਕਰੀਆ ਜੀ, ਮਿਹਰਬਾਨੀ। ਸਰ, ਇਹ ਜਿਹੜਾ ਭੌਂ ਮਾਲੀਆ ਬਿਲ ਆਇਆ ਹੈ, ਇਸ ਸਬੰਧ ਵਿੱਚ ਮੈਂ ਦੱਸਦਾ ਹਾਂ ਕਿ ਜਦੋਂ ਅਸੀਂ ਲੁਧਿਆਣਾ ਜ਼ਿਲ੍ਹੇ ਵਿੱਚ ਐਂਟਰ ਕਰਦੇ ਹਾਂ, ਸਤਲੁਜ ਦਾ ਪਿੰਡ ਟੱਪਦੇ ਹਾਂ ਤਾਂ ਲਾਡੋਵਾਲ ਕਸਬਾ ਆ ਜਾਂਦਾ ਹੈ। ਇੱਕ ਬੜੇ ਪ੍ਰਸਿੱਧ ਸਨਅਤਕਾਰ, ਏਅਰਟੈੱਲ ਦੇ ਮਾਲਕ ਰਾਕੇਸ਼ ਭਾਰਤੀ ਮਿੱਤਲ ਹਨ, ਉਨ੍ਹਾਂ ਨੂੰ ਇੱਕ ਐਗਰੀਕਲਚਰ ਫਾਰਮਿੰਗ ਦੇ ਤਜਰਬੇ ਵਸਤੇ ਖੇਤਰ 103 ਏਕੜ ਦਾ ਖੇਤਰ ਦਿੱਤਾ ਗਿਆ ਹੈ। ਉਨ੍ਹਾਂ ਦਾ ਮੌਕੇ ਤੇ 250 ਏਕੜ ਦਾ ਕਬਜ਼ਾ ਹੈ। ਐਮ.ਓ.ਯੂ. ਵਿੱਚ ਲਿਖਿਆ ਹੈ ਕਿ ਉੱਥੇ ਉਹ ਕੋਈ ਵੀ ਕੰਸਟਰਕਸ਼ਨ ਨਹੀਂ ਕਰ ਸਕਦੇ ਸੀ। ਲੇਕਿਨ ਉੱਥੇ ਉਨ੍ਹਾਂ ਨੇ ਬਹੁਤ ਵੱਡੀ ਕੰਸਟਰਕਸ਼ਨ ਕੀਤੀ ਹੈ ਅਤੇ ਉਸ ਵੇਲੇ ਦੇ ਸਤਿਕਾਰਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਫੀਤਾ ਕੱਟ ਕੇ ਆਏ ਹਨ। ਸਪੀਕਰ ਸਾਹਿਬ, ਮੈਂ ਪਿਛਲੇ ਹਾਊਸ ਵਿੱਚ ਵੀ ਇਸ ਗੱਲ ਤੇ ਬੜੀਆਂ ਬੇਨਤੀਆਂ ਕਰਦਾ ਰਿਹਾ ਹਾਂ। ਠੀਕ ਹੈ ਕਿ ਉਹ ਵੱਡਾ ਇੰਡਸਟ੍ਰੀਲਿਸਟ ਹੈ, ਪਰ ਉਸ ਨੂੰ ਠੱਗੀ ਮਾਰਨ ਦਾ ਪਰਮਿਟ ਕਿਸ ਨੇ ਦੇ ਦਿੱਤਾ ਹੈ? ਸੋ, ਮੇਰੀ ਤੁਹਾਡੇ ਜ਼ਰੀਏ ਸਤਿਕਾਰਯੋਗ ਸੀ.ਐਮ. ਸਾਹਿਬ ਨੂੰ ਸਨਿਮਰ ਬੇਨਤੀ ਹੈ ਕਿ ਜਿਹੜੀ ਉਸ ਨੇ 150 ਏਕੜ ਦੇ ਕਰੀਬ ਵੱਧ ਜ਼ਮੀਨ ਮਲੀ ਹੋਈ ਹੈ, ਉਹ ਕਬਜ਼ਾ ਛੁਡਾਇਆ ਜਾਵੇ ਅਤੇ ਦੂਸਰੀ ਜਿਹੜੀ ਉਸ ਨੇ ਐਗਰੀਕਲਚਰ ਤਜਰਬਾ ਖੇਤਰ ਤੇ ਕੰਸਟਰੱਕਸ਼ਨ ਕੀਤੀ ਹੈ, ਉਹ ਕੰਸਟਰੱਕਸ਼ਨ ਰਿਮੂਵ ਕੀਤੀ ਜਾਵੇ। ਸੈਕਿੰਡਲੀ ਜਿਹੜਾ ਇਸ ਰਾਮ ਰੌਲੇ ਵਿੱਚ ਵਿਜੀਲੈਂਸ ਵਾਲਾ ਕੰਮ ਲੰਘ ਗਿਆ, ਇੱਕ ਸੀਨੀਅਰ ਆਈ.ਏ.ਐਸ. ਅਫ਼ਸਰ ਸਕੈਮ ਦੀ ਰਿਪੋਰਟ ਕਰਦਾ ਹੈ। ਅਸੀਂ ਕੋਈ ਆਪੋਜ਼ੀਸ਼ਨ ਵਾਲਿਆਂ ਨੇ ਇਹ ਸਕੈਮ ਉਜਾਗਰ ਨਹੀਂ ਕੀਤਾ ਹੈ। ਇਹ ਇੱਕ ਸੀਨੀਅਰ ਆਈ.ਏ.ਐਸ. ਅਫਸਰ ਦੀ ਸਤਿਕਾਰਯੋਗ ਸਰਦਾਰ ਸਾਧੂ ਸਿੰਘ ਧਰਮਸੋਤ ਦੇ ਵਿਰੁੱਧ ਸੈਂਕੜੇ ਪੰਨਿਆਂ

---

** **Expunged as ordered by the Chair.

ਦੀ ਰਿਪੋਰਟ ਹੈ। ਆਪਾਂ ਵਿਜੀਲੈਂਸ ਕਮਿਸ਼ਨ ਬਣਾਉਣ ਦੀਆਂ ਗੱਲਾਂ ਕਰਦੇ ਹਾਂ, ਕੀ ਹੁਣ ਸਰਕਾਰ ਨੂੰ ਇੱਕ ਸੀਨੀਅਰ ਆਈ.ਏ.ਐਸ. ਅਫਸਰ ਦੀ ਕੀਤੀ ਹੋਈ ਜਾਂਚ ਰਿਪੋਰਟ ਤੇ ਵੀ ਵਿਸ਼ਵਾਸ ਨਹੀਂ? ਸਰ, ਵਿਜੀਲੈਂਸ ਕਮਿਸ਼ਨ ਦੀ ਗੱਲ ਹੈ।

**ਮਾਨਯੋਗ ਸਪੀਕਰ:** ਸੁਣੋ, ਸੁਣੋ ਤਾਂ ਸਹੀ, ਸੁਣੋ ਤਾਂ ਸਹੀ, ਇਹ ਮਸਲਾ ਵਿਧਾਨ ਸਭਾ ਵਿੱਚ ਪਹਿਲਾਂ ਆ ਚੁੱਕਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਪੂਰੀ ਗੱਲ ਤਾਂ ਸੁਣ ਲਓ, ਤੁਸੀਂ ਕਰਨਾ ਹੈ ਜਾਂ ਨਹੀਂ ਕਰਨਾ ਹੈ, ਇਹ ਤੁਹਾਡੇ ਤੇ ਨਿਰਭਰ ਹੈ। ਤੁਸੀਂ ਬੋਲਣ ਦੀ ਆਗਿਆ ਤਾਂ ਦੇ ਦਿਓ। ਵਿਜੀਲੈਂਸ ਕਮਿਸ਼ਨ ਗਠਿਤ ਕੀਤਾ ਅਤੇ ਇੱਕ ਸੀਨੀਅਰ ਐਡੀਸ਼ਨਲ ਚੀਫ ਸੈਕਟਰੀ ਲੈਵਲ ਦੇ ਅਫਸਰ ਦੀ ਰਿਪੋਰਟ ਆਈ ਹੋਵੇ, ਕੇਂਦਰ ਦੇ ਫੰਡਾਂ ਦਾ ਗਬਨ ਹੋਵੇ ਤੇ ਸਤਿਕਾਰਯੋਗ ਸੀ.ਐਮ. ਸਾਹਿਬ, ਮੰਤਰੀ ਨੂੰ ਡਿਸਮਿਸ ਨਾ ਕਰਨ, ਸੀ.ਬੀ.ਆਈ. ਦੀ ਜਾਂਚ ਨਾ ਕਰਵਾਉਣ। ਸਰ, ਇਹ ਦਲਿਤ ਵਿਦਿਆਰਥੀਆਂ ਦੇ ਭਵਿੱਖ ਨਾਲ ਇੱਕ ਬਹੁਤ ਵੱਡਾ ਧੱਕਾ ਤੇ ਖਿਲਵਾੜ ਹੈ।

**ਮਾਨਯੋਗ ਸਪੀਕਰ:** ਚਲੋ ਬੈਠੋ, ਬੈਠੋ, ਬੈਠੋ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸੋ, ਮੇਰੀ ਸਨਿਮਰ ਬੇਨਤੀ ਹੈ ਕਿ ਇਸ ਮੰਤਰੀ ਨੂੰ ਤੁਰੰਤ ਚਲਦਾ ਕਰਕੇ ਸੀ.ਬੀ.ਆਈ. ਦੀ ਜਾਂਚ ਕਰਵਾਈ ਜਾਵੇ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ):** ਸਰ, ਮੇਰੀ ਬੇਨਤੀ ਇੱਕ ਤਾਂ ਇਹ ਹੈ ਕਿ ਅੱਜ ਇਕੱਲੀ ਹਾਂ-ਪੱਖ ਦੀ ਜਿੱਤ ਨਹੀਂ ਬਲਕਿ ਮੈਂ ਸਮਝਦਾ ਹਾਂ ਕਿ ਜਨਾਬ ਦੀ ਜਿੱਤ ਹੋਈ ਜਾਂਦੀ ਹੈ, ਮਗਰ ਨਾਲ ਹੀ ਮਸਲਾ ਖੜ੍ਹਾ ਵੀ ਹੋਈ ਜਾਂਦਾ ਹੈ। ਜਨਾਬ ਦੇ ਹਲਕੇ ਬਾਰੇ ਹੁਣ ਤੁਸੀਂ ਤਾਂ ਨਹੀਂ ਗੱਲ ਕਰ ਸਕਦੇ ਮਗਰ ਉੱਥੇ ਵੀ ਸਰਕਾਰ ਦੇ ਸਾਧੂਆਂ ਦਾ ਕਹਿਰ ਬੜਾ ਖਤਰਨਾਕ ਚੱਲ ਰਿਹਾ ਹੈ। ਇੰਨੀ ਵੱਡੀ ਖਬਰ ਲੱਗੀ ਹੈ, ਮੈਨੂੰ ਲੱਗਿਆ ਸੀ ਕਿ ਤੁਸੀਂ ਆਪ ਹੀ ਇਸ ਦੇ ਬਾਰੇ ਜ਼ਿਕਰ ਕਰੋਗੇ ਪਰ ਤੁਸੀਂ ਨਹੀਂ ਕੀਤਾ-"ਸਾਧੂ ਸਿੰਘ ਧਰਮਸੋਤ ਦੇ ਮਹਿਕਮੇ ਦਾ ਨਵਾਂ ਕਾਰਨਾਮਾ, ਕੌਡੀਆਂ ਦੇ ਭਾਅ ਵਿਕਣ ਵਾਲੀ ਜ਼ਮੀਨ ਨੂੰ ਕਰੋੜਾਂ ਵਿੱਚ ਖਰੀਦ ਕੇ ਸਰਕਾਰ ਨੂੰ ਲਾਇਆ ਚੂਨਾ, ਜਾਂਚ ਉਪਰੰਤ ਕਰੋੜਾਂ ਦਾ ਘਪਲਾ ਆ ਸਕਦਾ ਹੈ ਸਾਹਮਣੇ।"

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ ਇਹ ਜਿਹੜੀਆਂ ਗੱਲਾਂ ਹੁਣ ਇੱਥੇ ਹੋ ਰਹੀਆਂ ਹਨ ਅਤੇ ਇੱਕ ਮਨਿਸਟਰ ਤੇ ਅਟੈਕ ਕੀਤਾ ਜਾ ਰਿਹਾ ਹੈ I think this is a very unfortunate thing. All these matters have been examined. ਮੇਰੇ ਕੋਲ ਉਸ ਦੇ ਸਾਰੇ ਕਾਗਜ਼ ਪਏ ਹਨ। ਚਾਹੇ ਉਹ ਜਿਹੜਾ ਪਹਿਲਾ ਸਕਾਲਰਸ਼ਿਪਸ ਸਕੈਮ ਦੱਸਦੇ ਹਨ, ਉਸ ਤੋਂ ਬਾਅਦ ਜਿਹੜਾ ਹੁਣ ਤੁਸੀਂ ਇੱਕ ਨਵਾਂ ਸਕੈਮ ਕੱਢਿਆ ਹੈ both have been examined by me. As far as scholarship scam is concerned, three Additional Chief Secretaries have gone into it. ਉਸ ਤੋਂ ਬਾਅਦ ਚੀਫ ਸੈਕਟਰੀ ਨੇ ਵੀ ਇਹ ਗੱਲ ਦੇਖੀ ਹੈ there is no embezzlement at all. ਲੇਕਿਨ ਇਹ ਹੱਟਦੇ ਨਹੀਂ ਹਨ। ਇਹ ਫਿਰ ਵੀ ਇਲਜ਼ਾਮ ਲਗਾਉਣ ਵਿੱਚ ਲੱਗੇ ਹੋਏ ਹਨ। ਹੁਣ ਇਨ੍ਹਾਂ ਨੇ ਇੱਕ ਨਵਾਂ ਇਸ਼ੂ ਕੱਢ ਲਿਆ ਹੈ, that issue has also been examined. ਨੂਰਪੁਰ ਬੇਦੀ ਕੋਲ ਜ਼ਮੀਨ ਸੀ the same is taken by tender. ਟੈਂਡਰ ਨਾਲ ਹੋਇਆ ਹੈ, ਅਖਬਾਰਾਂ ਦਾ ਤਾਂ ਤੁਸੀਂ ਜੋ ਮਰਜ਼ੀ ਕਹੀ ਜਾਓ। ਜਿਹੜੀਆਂ ਅਖਬਾਰਾਂ ਦਾ ਕਾਗਜ਼ਾਂ ਦਾ ਕੋਈ ਰੋਲ ਨਹੀਂ, ਕੀ ਅਸੀਂ ਤੁਹਾਡੇ ਕਹੇ ਤੇ ਮਨਿਸਟਰ ਨੂੰ ਡਿਸਮਿਸ ਕਰ ਦੇਈਏ? Nobody is there and my Minister is totally clean on it (Thumping)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਚਲੋ ਬੈਠੋ, ਹੁਣ ਸੀ.ਐਮ. ਸਾਹਿਬ ਦਾ ਜਵਾਬ ਆ ਗਿਆ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਮੇਰੀ ਬੇਨਤੀ ਤਾਂ ਸੁਣ ਲਓ।

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਦਾ ਜਵਾਬ ਆ ਗਿਆ ਹੈ। ਇਸ ਦਾ ਜਵਾਬ ਆ ਗਿਆ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਮੇਰੀ ਤਾਂ ਗੱਲ ਹੀ ਨਹੀਂ ਪੂਰੀ ਹੋਈ।

**ਮਾਨਯੋਗ ਸਪੀਕਰ:** ਜਦੋਂ ਜਵਾਬ ਹੀ ਆ ਗਿਆ ਹੈ।

**ਮੁੱਖ ਮੰਤਰੀ:** ਮੈਂ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ। ਕੱਲ੍ਹ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ), ਆਪੋਜ਼ੀਸ਼ਨ ਵਾਲੇ ਇੱਥੇ ਬੈਠੇ ਨਹੀਂ ਹਨ, ਲੇਕਿਨ ਇਨ੍ਹਾਂ ਦੀ ਪੂਰੀ ਟੋਲੀ ਨੇ ਇੱਥੇ ਜਿਹੜਾ ਕੱਲ੍ਹ ਅਸੀਂ ਬਿਲ ਪਾਸ ਕੀਤਾ ਹੈ ਉਸ ਤੇ ਕੱਲ੍ਹ ਪੂਰਾ ਭਾਸ਼ਣ ਕੀਤਾ ਹੈ। ਫਿਰ ਬਾਹਰਲੇ ਪਾਸੇ ਜਾ ਕੇ ਕੁਝ ਹੋਰ ਗੱਲਾਂ ਕਰਦੇ ਹਨ। Mr. Bikram Singh Majithia you want to see papers, I will show you the papers. ( ਕਾਗਜ਼ ਦਿਖਾਉਂਦੇ ਹੋਏ) ਇਹ ਦੇਖੋ ਇੱਕ, ਦੋ, ਤਿੰਨ ਚਾਰਜਿਜ਼ ਹਨ, ਕੱਲ੍ਹ ਜਿਹੜਾ ਕੁਝ ਵੀ ਹੋਇਆ ਹੈ, ਸਭ ਫਰਾਡ ਹੋਇਆ ਹੈ ਤਾਂ ਫਿਰ ਤੁਸੀਂ ਮੇਰੇ ਨਾਲ ਉੱਥੇ ਗਵਰਨਰ ਸਾਹਿਬ ਨੂੰ ਬਿਲ ਦੇਣ ਲਈ ਕਿਉਂ ਗਏ? (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਪੁਲੀਟੀਸ਼ਨਜ਼ ਦੀ ਵੀ ਕੋਈ ਜ਼ਮੀਰ ਹੋਣੀ ਚਾਹੀਦੀ ਹੈ। ਹਾਊਸ ਵਿੱਚ ਬੈਠ ਕੇ ਤੁਸੀਂ ਕੁਝ ਹੋਰ ਕਹਿੰਦੇ ਹੋ। ਲੀਡਰ ਆਫ ਦਿ ਆਪੋਜ਼ੀਸ਼ਨ ਵੀ ਅਤੇ ਅਕਾਲੀ ਦਲ ਵਾਲੇ ਵੀ ਬਾਹਰ ਜਾ ਕੇ ਕੁਝ ਹੋਰ ਕਹਿੰਦੇ ਹਨ। What sort of politics is this? ਸਾਰੀ ਦੁਨੀਆਂ ਦੇ ਸਾਹਮਣੇ ਤੁਸੀਂ ਇਸ ਕਿਸਮ ਦੀਆਂ ਡਬਲ ਫਰੇਮ ਗੱਲਾਂ ਕਰਦੇ ਹੋ। ਜਿਸ ਤਰੀਕੇ ਨਾਲ ਤੁਸੀਂ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹੋ ਸਾਡੇ ਟੋਟਲ ਪੁਲੀਟੀਕਲ ਸਿਸਟਮ ਤੇ ਲੋਕਾਂ ਨੇ ਸ਼ੱਕ ਕਰਨ ਲੱਗ ਜਾਣਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਬੈਠ ਜਾਓ, ਬੈਠ ਜਾਓ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਗੱਲ ਤਾਂ ਸੁਣ ਲਓ ਜੀ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਇਹ ਬਿਲ ਦੀ ਗੱਲ ਹੈ। ਉਹ ਛੱਡੋ, ਬਿਲ ਦੀ ਗੱਲ ਹੈ। ਸੀ.ਐਮ. ਸਾਹਿਬ ਦਾ ਜਵਾਬ ਆ ਗਿਆ, (ਵਿਘਨ)(ਸ਼ੋਰ), ਜਵਾਬ ਆ ਗਿਆ, ਜਵਾਬ ਆ ਗਿਆ। ਪਲੀਜ਼ ਬੈਠੋ, ਪਲੀਜ਼ ਬੈਠੋ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

> ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 20**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 20 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 20 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

## 6. THE PUNJAB (WELFARE AND SETTLEMENT OF LANDLESS, MARGINAL AND SMALL OCCUPANT FARMERS) ALLOTMENT OF STATE GOVERNMENT LAND BILL, 2020

**ਮਾਨਯੋਗ ਸਪੀਕਰ:** ਦੀ ਪੰਜਾਬ (ਭੂਮੀਹੀਣ, ਘੱਟ ਜ਼ਮੀਨ ਵਾਲੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਸੈਟਲਮੈਂਟ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿਲ, 2020, ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਮਾਲ ਮੰਤਰੀ ਬਿਲ ਪੇਸ਼ ਕਰਨ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸ਼੍ਰੀਮਾਨ ਜੀ, ਮੈਂ ਪੰਜਾਬ (ਭੂਮੀਹੀਣ, ਘੱਟ ਜ਼ਮੀਨ ਵਾਲੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਸੈਟਲਮੈਂਟ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ (ਭੂਮੀਹੀਣ, ਘੱਟ ਜ਼ਮੀਨ ਵਾਲੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਸੈਟਲਮੈਂਟ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ (ਭੂਮੀਹੀਣ, ਘੱਟ ਜ਼ਮੀਨ ਵਾਲੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਸੈਟਲਮੈਂਟ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸੋਢੀ ਸਾਹਿਬ ਜੀ।

**ਖੇਡਾਂ ਤੇ ਯੁਵਕ ਮਾਮਲੇ ਮੰਤਰੀ (ਰਾਣਾ ਗੁਰਮੀਤ ਸਿੰਘ ਸੋਢੀ):** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਦੱਸਣਾ ਚਾਹਵਾਂਗਾ ਕਿ ਇਹ ਜਿਹੜਾ ਇਤਿਹਾਸਕ ਫੈਸਲਾ ਕਾਂਗਰਸ ਸਰਕਾਰ ਨੇ ਕੈਪਟਨ ਸਾਹਿਬ ਦੀ ਰਹਿਨੁਮਾਈ ਹੇਠ ਲਿਆ ਹੈ, ਮੇਰਾ ਖਿਆਲ ਹੈ ਕਿ ਇਹ ਬਹੁਤ ਹੀ ਵੱਡਾ ਅਤੇ ਅਹਿਮ ਫੈਸਲਾ ਹੈ। ਮੈਂ ਇੱਕ ਬਾਰਡਰ ਏਰੀਆ ਜ਼ਿਲ੍ਹੇ ਤੋਂ ਤਾਅਲੁੱਕ ਰੱਖਦਾ ਹਾਂ ਔਰ ਗੁਰਦਾਸਪੁਰ ਤੋਂ ਲੈ ਕੇ ਫਿਰੋਜ਼ਪੁਰ, ਫਾਜ਼ਿਲਕਾ ਤੱਕ ਜੋ ਵੀ ਸਰਕਾਰੀ ਜ਼ਮੀਨਾਂ ਸਨ, ਜਦੋਂ ਹਿੰਦੁਸਤਾਨ, ਪਾਕਿਸਤਾਨ ਬਣਿਆ ਤਾਂ ਸਾਡੇ ਬਹੁਤ ਹੀ ਗਰੀਬ ਲੋਕ ਸਨ। ਹਰ ਕੌਮ ਅਤੇ ਹਰ ਜਾਤੀ ਦੇ ਲੋਕ ਉੱਥੇ ਬੈਠੇ ਸੀ ਲੇਕਿਨ ਖਾਸ ਤੌਰ ਤੇ ਰਾਏ ਸਿੱਖ ਬਰਾਦਰੀ ਦੇ ਲੋਕ, ਜਿਨ੍ਹਾਂ ਨੇ ਦਰਿਆ ਦੇ ਕੰਢੇ ਤੇ ਇਹ ਜ਼ਮੀਨਾਂ ਆਬਾਦ ਕੀਤੀਆਂ ਔਰ ਇਹ ਜ਼ਮੀਨਾਂ ਆਬਾਦ ਕਰਨ ਵਿੱਚ ਉਨ੍ਹਾਂ ਨੂੰ ਬਹੁਤ ਸਮਾਂ ਲੱਗਿਆ। ਉੱਥੇ ਨੀਵੀਆਂ ਜ਼ਮੀਨਾਂ ਸਨ, ਜੋ ਉਨ੍ਹਾਂ ਨੇ ਆਪਣੀ ਦਿਨ-ਰਾਤ ਮਿਹਨਤ ਕਰਕੇ ਉਨ੍ਹਾਂ ਜ਼ਮੀਨਾਂ ਨੂੰ ਵਾਹੀਕਾਰ ਜ਼ਮੀਨਾਂ ਵਿੱਚ ਤਬਦੀਲ ਕੀਤਾ। ਅੱਜ ਮੈਂ ਇਹ ਵੀ ਦੱਸਣਾ ਚਾਹਵਾਂਗਾ ਕਿ ਉਸ ਕੌਮ ਦੇ ਜਿਹੜੀ ਰਾਏ ਸਿੱਖ ਬਰਾਦਰੀ ਦੇ ਲੋਕ ਉੱਥੇ ਬੈਠੇ ਹਨ, ਜਦੋਂ ਸਾਲ 2005 ਦੇ ਵਿੱਚ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਸਨ, ਔਰ ਸੈਂਟਰ ਵਿੱਚ ਸਾਡੇ ਡਾਕਟਰ ਮਨਮੋਹਨ ਸਿੰਘ ਅਤੇ ਸੋਨੀਆ ਜੀ ਸਨ, ਉਨ੍ਹਾਂ ਵੱਲੋਂ ਇਨ੍ਹਾਂ ਕੈਟੇਗਰੀਜ਼ ਨੂੰ ਸ਼ਡਿਊਲਡ ਕਾਸਟ ਦਾ ਦਰਜਾ ਪ੍ਰਦਾਨ ਕੀਤਾ ਗਿਆ। ਅੱਜ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਕੇ ਆਪਣੇ ਵੱਡੇ ਅਹੁਦਿਆਂ ਤੇ ਪਹੁੰਚ ਚੁੱਕੇ ਹਨ। ਮੈਂ ਇਸ ਵਿੱਚ ਇਹ ਗੱਲ ਕਹਿਣੀ ਜ਼ਰੂਰੀ ਸਮਝਾਂਗਾ ਅਤੇ ਮੁੱਖ ਮੰਤਰੀ ਜੀ ਅੱਗੇ ਬੇਨਤੀ ਕਰਾਂਗਾ ਕਿ ਇਨ੍ਹਾਂ ਗਰੀਬ ਲੋਕਾਂ ਨੇ ਦਿਲ ਜਾਨ ਮਾਰ ਕੇ, ਦਿਨ ਰਾਤ ਇੱਕ ਕਰਕੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਇਨ੍ਹਾਂ ਜ਼ਮੀਨਾਂ ਨੂੰ ਅਬਾਦ ਕੀਤਾ ਹੈ। ਸਰ, ਤੁਸੀਂ 12 ਸਾਲ ਦਾ ਵਕਫਾ ਦਿੱਤਾ ਹੈ। ਮੈਂ ਤੁਹਾਡੇ ਅੱਗੇ ਬੇਨਤੀ ਕਰਾਂਗਾ। ਮੈਂ ਸਾਫ ਸਾਫ ਕਹਿਣਾ ਚਾਹੁੰਦਾ ਸੀ ਪਰ ਤੁਹਾਡੇ ਅੱਗੇ ਵੀ ਕੁਝ ਲੀਗਲ ਇਸ਼ੂਜ ਹਨ। ਸੀ.ਐਮ. ਸਾਹਿਬ, ਮਿਹਰਬਾਨੀ ਕਰਕੇ ਜੇ ਇਹ ਵਕਫਾ 12 ਸਾਲ ਤੋਂ 10 ਸਾਲ ਦਾ ਕਰ ਦਿਓ ਤਾਂ ਕਈ ਹੋਰ ਲੋਕਾਂ ਨੂੰ ਵੀ ਇਸ ਵਿੱਚ ਸਹੂਲਤਾਂ ਮਿਲ ਜਾਣਗੀਆਂ। ਜਿਹੜਾ ਤੁਸੀਂ ਉਨ੍ਹਾਂ ਨੂੰ ਅਸਲੀ ਦੀਵਾਲੀ ਤੋਹਫਾ ਦੇ ਰਹੇ ਹੋ, ਉਸ ਵਿੱਚ

ਹੋਰ ਵੀ ਕਈ ਪਰਿਵਾਰ ਸ਼ਾਮਿਲ ਹੋ ਜਾਣਗੇ। ਉਹ ਵੀ ਮਾਲਕ ਬਣ ਜਾਣਗੇ। ਉਨ੍ਹਾਂ ਦਾ ਆਉਣ ਵਾਲਾ ਭਵਿੱਖ ਹੋਰ ਵੀ ਸੁਧਰ ਜਾਵੇਗਾ। ਮੈਂ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਇਹ ਸਮਾਂ 12 ਸਾਲ ਤੋਂ ਘਟਾ ਕੇ 10 ਸਾਲ ਦਾ ਕਰ ਦਿੱਤਾ ਜਾਵੇ ਤਾਂ ਕਿ ਸਾਡੇ ਗਰੀਬ ਲੋਕ ਜਿਹੜੇ ਬਾਰਡਰ ਏਰੀਏ ਤੇ ਖਾਸ ਤੌਰ ਤੇ ਰਾਏ ਸਿੱਖ ਕਮਿਊਨਿਟੀ ਦੇ ਲੋਕ ਬੈਠੇ ਹਨ ਉਹ ਜ਼ਮੀਨਾਂ ਦੇ ਮਾਲਕ ਬਣ ਸਕਣ। ਬਹੁਤ-ਬਹੁਤ ਧੰਨਵਾਦ ਜੀ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਬੜੇ ਵਿਸਥਾਰਪੂਰਵਕ ਦੱਸਿਆ ਹੈ। ਇਹ ਜਿਹੜੀ 12 ਸਾਲ ਦੇ ਸਮੇਂ ਦੀ ਗੱਲ ਕਰਦੇ ਸੀ, ਸੀ.ਐਮ. ਸਾਹਿਬ ਨੇ ਗਰੀਬ ਪਰਿਵਾਰਾਂ ਲਈ ਖੁੱਲ੍ਹ ਕੇ ਬਿਲ ਲਿਆਂਦੇ ਹਨ ਅਤੇ ਅੱਜ ਵੀ ਬਹੁਤ ਭਲੇ ਦਾ ਕੰਮ ਕੀਤਾ ਹੈ। ਆਪ ਦੀ ਖੁੱਲ੍ਹਦਿਲੀ ਵਿਖਾਉਂਦੇ ਹੋਏ ਇਹ ਸਮਾਂ 12 ਸਾਲ ਤੋਂ 10 ਸਾਲ ਕੀਤਾ ਜਾਂਦਾ ਹੈ। (ਥੰਪਿੰਗ)

**ਡਾਕਟਰ ਸੁਖਵਿੰਦਰ ਕੁਮਾਰ (ਬੰਗਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਸਮਾਂ ਦਿੱਤਾ ਹੈ। ਇਸ ਬਿਲ ਵਿੱਚ ਕੁਝ ਪੁਆਇੰਟ ਅਜਿਹੇ ਹਨ ਜਿਹੜੇ ਕਲੀਅਰ ਨਹੀਂ ਹਨ। ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਕਿਹਾ ਕਿ 12 ਸਾਲ ਤੋਂ ਕਬਜ਼ਾ ਹੋਣਾ ਚਾਹੀਦਾ ਹੈ, ਉਹ ਵਾਹੀ ਕਰਦਾ ਹੋਣਾ ਚਾਹੀਦਾ ਹੈ। ਅੱਜ ਸਮਾਂ 10 ਸਾਲ ਦਾ ਕਰ ਦਿੱਤਾ ਹੈ ਇਹ ਬਹੁਤ ਚੰਗੀ ਗੱਲ ਹੈ ਪਰ ਕੀ ਇਸ ਦੇ ਵਿੱਚ continuous cultivating possession ਚਾਹੀਦਾ ਹੈ? ਕਈ ਵਾਰੀ ਪਟਵਾਰੀ ਗਲਤੀ ਕਰ ਜਾਂਦੇ ਹਨ, ਉਹ ਗਿਰਦਾਵਰੀ ਤੋੜ ਦਿੰਦੇ ਹਨ। ਗਰੀਬ ਆਦਮੀ ਨਾਲ ਇਸ ਬਿਲ ਦੇ ਰਾਹੀਂ ਧੱਕਾ ਹੋ ਸਕਦਾ ਹੈ ਕਿਉਂਕਿ ਇੱਕ ਵਾਰ ਜੇਕਰ ਪਟਵਾਰੀ ਗਿਰਦਾਵਰੀ ਕਰਦਾ ਕਰਦਾ ਇੱਕ ਸਾਲ ਲਈ ਬੰਜਰ ਲਿਖਦਾ ਹੈ ਤਾਂ ਉਸ ਦੀ ਕੰਟੀਨਿਊਟੀ ਟੁੱਟ ਜਾਵੇਗੀ। ਮੈਨੂੰ ਸ਼ੱਕ ਹੈ ਕਿ ਕੋਈ ਵੀ ਅਸਰਦਾਰ ਆਦਮੀ, ਜਿਹੜਾ ਕੋਈ ਵੀ ਪ੍ਰਭਾਵ ਰੱਖਦਾ ਹੈ ਉਹ ਗਰੀਬ ਦੀ ਗਿਰਦਾਵਰੀ ਤੁੜਵਾ ਕੇ ਇਸ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਇਹ ਵੀ ਇਸ ਬਿਲ ਦੇ ਵਿੱਚ ਕਲੀਅਰ ਨਹੀਂ ਹੈ। ਦੂਜਾ, ਇਸ ਬਿਲ ਦੇ ਵਿੱਚ ਕੀਮਤ ਬਹੁਤ ਜ਼ਿਆਦਾ ਰੱਖੀ ਗਈ ਹੈ, ਜਿਹੜੇ collector rates ਹਨ ਉਹ ਕਈ ਥਾਂ ਬਹੁਤ ਜ਼ਿਆਦਾ ਹਨ। ਐਕਚੂਅਲੀ ਜ਼ਮੀਨ ਤਾਂ ਸਸਤੀ ਹੁੰਦੀ ਹੈ ਪਰ collector rates ਬਹੁਤ ਜ਼ਿਆਦਾ ਹੁੰਦੇ ਹਨ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਤਾਂ ਰੇਟਸ ਨੂੰ ਕਾਫੀ ਘੱਟ ਕੀਤਾ ਜਾਵੇ ਕਿਉਂਕਿ ਸੈਂਟਰ ਦੀ ਸਰਕਾਰ ਤੋਂ ਪੰਜਾਬ ਸਰਕਾਰ ਨੇ 1960-61 ਦੇ ਵਿੱਚ 5 ਰੁਪਏ ਨੂੰ ਇੱਕ ਏਕੜ ਖਰੀਦਿਆ ਸੀ। ਅੱਜ ਜੇਕਰ ਅਸੀਂ ਉਸੇ ਲੈਂਡ ਲੈਸ ਨੂੰ ਜਿਹੜੀ

[ਡਾਕਟਰ ਸੁਖਵਿੰਦਰ ਕੁਮਾਰ]

ਜ਼ਮੀਨ ਤੇ ਗਰੀਬ ਵਾਹੀ ਕਰਦਾ ਹੈ ਉਸ ਨੂੰ ਉਸ ਦਾ ਮਾਲਕ ਬਣਾ ਰਹੇ ਹਾਂ ਪਰ ਮਾਲਕ ਬਣਾਉਂਦੇ ਬਣਾਉਂਦੇ ਜੇਕਰ ਉਸ ਤੋਂ ਰੇਟ ਬਹੁਤ ਜ਼ਿਆਦਾ ਲੈ ਲਿਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਉਹ ਆਪਣੇ ਆਪ ਹੀ ਇਹ ਛੱਡ ਦੇਵੇਗਾ। ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 30 ਦਿਨ ਦੇ ਅੰਦਰ ਅੰਦਰ ਪਹਿਲੀ ਕਿਸ਼ਤ ਜਿੰਨੀ ਵੀ ਬਣਦੀ ਹੈ ਉਹ ਜਮ੍ਹਾਂ ਕਰਵਾਉਣੀ ਪਵੇਗੀ। ਜੇਕਰ ਉਹ ਆਦਮੀ ਗਰੀਬ ਹੈ ਤਾਂ ਉਸ ਕੋਲ ਜੇਕਰ 25%, 30%, 40% ਜਿੰਨੇ ਵੀ ਤੁਸੀਂ ਡਿਫਰੈਂਸ ਰੱਖੇ ਹਨ ਉਸ ਕੋਲ ਜਮ੍ਹਾਂ ਕਰਵਾਉਣ ਦੀ ਸਮਰੱਥਾ ਨਹੀਂ ਹੁੰਦੀ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇੱਕ ਮਹੀਨੇ ਦੇ ਸਮੇਂ ਨੂੰ ਇੱਕ ਸਾਲ ਦਾ ਕਰ ਦਿੱਤਾ ਜਾਵੇ। ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਤਿੰਨ ਸਾਲ ਦੇ ਵਿੱਚ ਸਾਰੇ ਪੈਸੇ ਦੇਣੇ ਹਨ ਮੈਂ ਸਮਝਦਾ ਹਾਂ ਕਿ ਗਰੀਬ ਆਦਮੀ ਨਹੀਂ ਦੇ ਸਕਦਾ। ਅੱਗੇ ਵੀ ਜਦੋਂ ਸਰਕਾਰ ਨੇ ਜ਼ਮੀਨਾਂ ਦਿੱਤੀਆਂ ਸੀ ਉਨ੍ਹਾਂ ਨੇ 10 ਸਾਲ ਦਾ ਸਮਾਂ ਰੱਖਿਆ ਸੀ। ਇਹ ਮੇਰੀ ਬੇਨਤੀ ਹੈ ਕਿ ਇਸ ਬਿਲ ਵਿੱਚ ਜਿਹੜੀਆਂ ਕਿਸ਼ਤਾਂ ਤਿੰਨ ਸਾਲ ਵਿੱਚ ਦੇਣੀਆਂ ਹਨ ਉਸ ਦਾ ਸਮਾਂ 10 ਸਾਲ ਕਰ ਦਿੱਤਾ ਜਾਵੇ। ਮੈਨੂੰ ਲੱਗਦਾ ਹੈ ਕਿ ਇਸ ਬਿਲ ਦੇ ਵਿੱਚ ਸਰਕਾਰੀ ਸ਼ੈਅ ਬਹੁਤ ਜ਼ਿਆਦਾ ਹੈ। ਇਸ ਵਿੱਚ ਕੁਝ ਪੁਆਇੰਟ ਕਲੀਅਰ ਨਹੀਂ ਹਨ। ਜਿਹੜੇ ਗਰੀਬ ਲੋਕਾਂ ਕੋਲ ਪੰਜ ਏਕੜ ਤੋਂ ਜ਼ਿਆਦਾ ਜ਼ਮੀਨ ਹੈ ਉਨ੍ਹਾਂ ਦੀ ਬਾਕੀ ਜ਼ਮੀਨ ਕਿਸ ਨੂੰ ਦਿੱਤੀ ਜਾਵੇਗੀ ਔਰ ਇਸੇ ਤਰ੍ਹਾਂ ਜਿਹੜਾ ਜ਼ਮੀਨ ਦਾ ਮਾਲਕ ਹੁੰਦਾ ਹੈ, ਜੇ ਉਸ ਨੂੰ ਜ਼ਮੀਨ ਕਿਸੇ ਨੇ ਦਾਨ ਦਿੱਤੀ ਹੁੰਦੀ ਹੈ ਤਾਂ ਉਹ ਜ਼ਮੀਨ ਵੇਚ ਤਾਂ ਸਕਦਾ ਹੈ ਪਰ ਉਸ ਦਾ ਅਸਲ ਮਾਲਕ ਜਿਸ ਨੇ ਡੋਨੇਟ ਕੀਤੀ ਹੁੰਦੀ ਹੈ, ਉਹ ਹਰ ਫਰਦ ਦੇ ਵਿੱਚ ਬੋਲਦਾ ਰਹਿੰਦਾ ਹੈ। ਇਸ ਤਰ੍ਹਾਂ ਦੇ ਕਈ ਥਾਵਾਂ ਤੇ ਝਗੜੇ ਹਨ। ਮੈਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਮਾਲਕ ਬਣਾ ਦਿੱਤਾ ਜਾਵੇ। ਜੇਕਰ ਸਰਦਾਰ ਸਾਧੂ ਸਿੰਘ ਧਰਮਸੋਤ ਦਲਿਤਾਂ ਦੇ ਨਾਲ 64 ਕਰੋੜ ਰੁਪਏ ਦਾ ਘਪਲਾ ਕਰ ਸਕਦੇ ਹਨ ਤਾਂ ਇਸੇ ਤਰ੍ਹਾਂ ਹੋਰ ਲੋਕ ਵੀ ਹੋਣਗੇ ਜਿਹੜੇ ਗਰੀਬਾਂ ਦੀਆਂ ਜ਼ਮੀਨਾਂ ਖਾ ਜਾਣਗੇ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਪੁਆਇੰਟਾਂ ਵੱਲ ਧਿਆਨ ਦਿੱਤਾ ਜਾਵੇ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਮੈਂ ਰੂਲ 127 (1) ਦੀ ਐਕਸਪਲੇਨੇਸ਼ਨ (1) ਦੇ ਤਹਿਤ ਜੋ ਮਾਲ ਮੰਤਰੀ ਜੀ ਨੇ ਅਮੈਂਡਮੈਂਟ ਪਰਪੋਜ਼ ਕੀਤੀ ਹੈ, ਉਸ ਨੂੰ ਅਲਾਓ ਕਰਦਾ ਹਾਂ।

**ਸ਼੍ਰੀ ਪਵਨ ਕੁਮਾਰ ਟੀਨੂ (ਆਦਮਪੁਰ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਜਿਹੜਾ ਇਹ ਬਿਲ ਮੰਤਰੀ ਜੀ ਨੇ ਪੇਸ਼ ਕੀਤਾ ਹੈ ਕਿ ਜਿਹੜੇ ਗਰੀਬਾਂ ਲੋਕਾਂ ਦੇ ਕੋਲ

10 ਸਾਲਾਂ ਤੋਂ ਜ਼ਮੀਨ ਕਬਜ਼ੇ ਵਿੱਚ ਹੈ, ਸਰਕਾਰ ਵੱਲੋਂ ਬਣਦਾ ਮਾਲੀਆ ਲੈ ਕੇ ਉਨ੍ਹਾਂ ਨੂੰ ਮਾਲਕਾਨਾ ਹੱਕ ਦੇਣੇ ਹਨ। ਕੁਝ ਗੱਲਾਂ ਤਾਂ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਕਲੀਅਰ ਕਰ ਦਿੱਤੀਆਂ ਹਨ। ਮੇਰੇ ਵੀ ਇੱਕ-ਦੋ ਪੁਆਇੰਟ ਹਨ। ਵੈਸੇ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਫਾਰਮਰਜ਼ ਬਿਲ ਦੇ ਵਾਸਤੇ ਸਪੈਸ਼ਲ ਸੈਸ਼ਨ ਬੁਲਾਇਆ ਹੈ, ਸਾਰਿਆਂ ਨੇ ਪਾਜ਼ੇਟਿਵ ਤਰੀਕੇ ਨਾਲ ਇੱਥੇ ਆਪਣੀ ਗੱਲ ਰੱਖੀ ਹੈ। ਸਪੀਕਰ ਸਾਹਿਬ, 34% ਸ਼ਡਿਊਲਡ ਕਾਸਟ ਅਬਾਦੀ ਵਿੱਚ ਮਜ਼ਦੂਰ ਵੀ ਹੈ, ਲੇਬਰ ਵੀ ਹੈ। ਇਨ੍ਹਾਂ ਸਾਰਿਆਂ ਨੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਫਾਰਮਰਜ਼ ਬਿਲਾਂ ਖਿਲਾਫ ਦੋਵੇਂ ਹੱਥ ਖੜ੍ਹੇ ਕਰਕੇ ਵਿਰੋਧ ਕੀਤਾ ਹੈ ਅਤੇ ਅਸੀਂ ਇਨ੍ਹਾਂ ਬਿਲਾਂ ਵਿਰੁੱਧ ਮੈਦਾਨ ਵਿੱਚ ਵੀ ਆਏ ਹਾਂ ਅਤੇ ਇਸ ਵਿਧਾਨ ਸਭਾ ਵਿੱਚ ਵੀ ਫਾਰਮਰਜ਼ ਦੇ ਨਾਲ ਖੜ੍ਹੇ ਹਾਂ। ਮੈਂ ਬਿਲ ਤੇ ਬੋਲਣ ਤੋਂ ਪਹਿਲਾਂ ਸਿਰਫ ਇੱਕ ਮਿੰਟ ਲੈਣਾ ਹੈ। ਮੇਰੀ ਬੇਨਤੀ ਹੈ ਕਿ ਜਿੱਥੇ ਆਪਾਂ ਇਨ੍ਹਾਂ ਬਿਲਾਂ ਤੇ ਇੱਕ ਦਿਨ ਪੂਰਾ ਲਾਇਆ ਹੈ, ਉੱਥੇ ਗਰੀਬਾਂ ਦੇ ਮਸਲਿਆਂ ਤੇ ਗੱਲ ਕਰਨ ਲਈ ਵੀ ਦੋ ਘੰਟੇ ਦਾ ਟਾਈਮ ਦੇ ਦਿਉ ਕਿਉਂਕਿ 34% ਸ਼ਡਿਊਲਡ ਕਾਸਟ ਅਬਾਦੀ, ਗਰੀਬ ਬੱਚੇ ਅਤੇ ਉਹ ਲੋਕ ਬੜੇ ਪ੍ਰੇਸ਼ਾਨ ਹਨ। ਮੈਂ ਉਨ੍ਹਾਂ ਲੋਕਾਂ ਦੀ ਗੱਲ ਕਰਨੀ ਹੈ ਕਿਉਂਕਿ ਅਸੀਂ ਬਿਲ ਤੇ ਗੱਲ ਕਰਨ ਤੋਂ ਪਹਿਲਾਂ Embezzlement of funds of Post Matric Scholarship meant for the students belonging to dalit community ਤੇ ਐਡਜਰਨਮੈਂਟ ਮੋਸ਼ਨ ਦਿੱਤਾ ਸੀ।

**ਮਾਨਯੋਗ ਸਪੀਕਰ :** ਟੀਨੂ ਜੀ, ਇਹ ਮਸਲਾ ਕਿੰਨੀ ਵਾਰ ਉੱਠੇਗਾ? ਇਹ ਹਾਊਸ ਇਸ ਗੱਲ ਵਾਸਤੇ ਨਹੀਂ ਹੈ ਕਿ ਇੱਕ ਹੀ ਮਸਲਾ ਉਠਾਈ ਜਾਓ। ਪਲੀਜ਼, ਪਲੀਜ਼। ਇਹ ਮਸਲਾ ਪਿਛਲੀ ਵਾਰ ਡਿਸਕਸ ਹੋ ਚੁੱਕਿਆ ਹੈ। It is not a matter of recent occurrence. Now you cannot raise it.

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਇਹ ਮਸਲਾ ਅੱਜ ਦੀਆਂ ਅਖਬਾਰਾਂ ਵਿੱਚ ਵੀ ਉੱਠਿਆ ਹੋਇਆ ਹੈ। ਇਹ ਦਲਿਤ ਬੱਚੇ ਰੋਂਦੇ ਹਨ। ਉਨ੍ਹਾਂ ਦਾ ਕੀ ਕਰੀਏ। (ਵਿਘਨ)

**ਮਾਨਯੋਗ ਸਪੀਕਰ:** ਜੇ ਤੁਸੀਂ ਬਿਲ ਤੇ ਗੱਲ ਕਰਨੀ ਹੈ ਤਾਂ ਕਰੋ। ਹਾਂ ਜੀ, ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਚਲੋ ਅਗਾਂਹ ਸਹੀ, ਬੱਚਿਆਂ ਦੀ ਗੱਲ ਫੇਰ ਕਰ ਲਵਾਂਗੇ। ਹੁਣ ਬਿਲਾਂ ਤੇ ਗੱਲ ਕਰਦਾ ਹਾਂ ਜੀ। ਇੱਕ ਟ੍ਰਿਬਿਊਨ ਦੀ ਖਬਰ ਹੈ ਅਤੇ ਇੱਕ ਅਜੀਤ ਦੀ ਖਬਰ ਹੈ। ਇਸ ਵਿੱਚ ਲਿਖਿਆ ਹੈ ਕਿ "ਸਰਕਾਰੀ ਜ਼ਮੀਨ ਤੋਂ ਕਬਜ਼ਾ ਛੁਡਾਉਣ ਆਈ ਟੀਮ ਸਿਆਸੀ ਦਬਾਅ ਕਾਰਨ ਪਰਤੀ, ਸੱਤਾਧਾਰੀ ਧਿਰ ਦੇ ਕੱਦਾਵਰ ਦਲਿਤ ਆਗੂ ਨੇ ਰੁਕਵਾਈ ਕਾਰਵਾਈ।" ਇਹ ਕਿਹੜੀ ਜ਼ਮੀਨ ਹੈ? ਇਹ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀ ਜ਼ਮੀਨ ਹੈ, ਇਹ ਰੋਪੜ ਵਿੱਚ ਹੈ। ਇਸ ਨੂੰ ਸੁਰਤਾਪੁਰ ਫਾਰਮ ਕਹਿੰਦੇ ਹਨ। ਸਰਕਾਰ ਨੇ 1971 ਵਿੱਚ ਇਹ ਜ਼ਮੀਨ ਗਰੀਬਾਂ ਨੂੰ, ਸ਼ਡਿਊਲਡ ਕਾਸਟ ਦੇ ਲੋਕਾਂ ਨੂੰ ਦਿੱਤੀ ਸੀ ਅਤੇ ਕਾਰਪੋਰੇਸ਼ਨ ਨੂੰ ਦਿੱਤੀ ਸੀ ਤਾਂ ਕਿ ਗਰੀਬਾਂ ਦੇ ਬੱਚੇ ਉੱਥੇ ਡੇਅਰੀ ਬਣਾਉਣ, ਐਗਰੀਕਲਚਰ ਨਾਲ ਸਬੰਧਿਤ ਆਪਣੇ ਕੰਮ-ਕਿੱਤੇ ਸ਼ੁਰੂ ਕਰਨ। ਉੱਥੇ ਕੋਈ ਟ੍ਰੇਨਿੰਗ ਹੋਵੇ ਤਾਂ ਕਿ ਆਪਾਂ ਉਨ੍ਹਾਂ ਨੂੰ ਪੈਰਾਂ ਤੇ ਖੜ੍ਹੇ ਕਰ ਸਕੀਏ। ਉੱਥੇ ਲਗਾਤਾਰ ਭੌਂ ਮਾਫੀਏ ਨੇ ਕਬਜ਼ਾ ਕੀਤਾ ਹੋਇਆ ਹੈ। ਉੱਥੇ ਕਿਸੇ ਨੇ 12 ਏਕੜ, ਕਿਸੇ ਨੇ 10 ਏਕੜ, ਕਿਸੇ ਨੇ 20 ਏਕੜ ਤੇ ਕਬਜ਼ਾ ਕੀਤਾ ਹੋਇਆ ਹੈ। ਬਹੁਤੇ ਕੇਸਾਂ ਵਿੱਚ ਮਹਿਕਮੇ ਨੇ ਕੋਰਟ ਵੱਲੋਂ ਕਬਜ਼ਾ ਲੈਣ ਦੇ ਆਰਡਰ ਵੀ ਲੈ ਲਏ ਹਨ। ਇਹ ਪਿਛਲੇ 15 ਅਕਤੂਬਰ ਦੀ ਖਬਰ ਹੈ। ਉੱਥੇ ਸਰਕਾਰ ਦੇ ਬੰਦੇ ਕਬਜ਼ਾ ਲੈਣ ਗਏ ਤਾਂ ਉੱਥੇ ਸੱਤਾਧਾਰੀ ਧਿਰ ਦੇ ਮੰਤਰੀ, ਐਮ.ਐਲ.ਏ. ਸਾਹਿਬ ਨੇ ਟੈਲੀਫੋਨ ਕਰਕੇ ਉਨ੍ਹਾਂ ਟੀਮਾਂ ਨੂੰ ਵਾਪਸ ਮੋੜ ਦਿੱਤਾ। ਸਪੀਕਰ ਸਾਹਿਬ, ਮੈਂ ਇਸ ਬਿਲ ਸਬੰਧੀ ਪੁੱਛਣਾ ਹੈ ਕਿ ਉਹ ਜ਼ਮੀਨਾਂ ਜਿਹੜੀਆਂ ਸ਼ਡਿਊਲਡ ਕਾਸਟ ਲੋਕਾਂ ਨੂੰ ਉਨ੍ਹਾਂ ਦੀ ਵੈਲਫੇਅਰ ਵਾਸਤੇ ਦਿੱਤੀਆਂ ਗਈਆਂ ਜਾਂ ਉਨ੍ਹਾਂ ਵਾਸਤੇ ਰੱਖੀਆਂ ਗਈਆਂ, ਕਿਤੇ ਇਸ ਤਰ੍ਹਾਂ ਤਾਂ ਨਹੀਂ ਕਿ ਉਹ ਜ਼ਮੀਨਾਂ ਵੀ ਤੁਸੀਂ ਸਿਆਸੀ ਬੰਦੇ ਜਿਨ੍ਹਾਂ ਦੇ ਕਬਜ਼ੇ ਹਨ ਜਾਂ ਅਫਸਰਾਂ ਨੂੰ ਇਹ ਬਿਲ ਲਿਆ ਕੇ, ਕਾਨੂੰਨ ਬਣਾ ਕੇ ਉਨ੍ਹਾਂ ਦੇ ਜੇਬੇ ਵਿਚ ਪਾ ਦਿਉਗੇ, ਉਨ੍ਹਾਂ ਦੀ ਝੋਲੀ ਵਿਚ ਪਾ ਦਿਉਗੇ। ਇਹ ਬਿਲਕੁਲ ਸਰਾਸਰ ਬੇਇਨਸਾਫੀ ਹੋ ਜਾਵੇਗੀ ਕਿਉਂਕਿ ਉਹ ਜ਼ਮੀਨਾਂ ਜਿਹੜੀਆਂ ਹਨ ਉਹ ਟੋਟਲ ਉਨ੍ਹਾਂ ਵਾਸਤੇ ਹੀ ਹਨ।

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਹਰਮਿੰਦਰ ਸਿੰਘ ਗਿੱਲ। ਟੀਨੂ ਜੀ ਬੈਠੋ, ਤੁਹਾਡੀ ਗੱਲ ਹੋ ਗਈ ਹੈ।

**ਸਰਦਾਰ ਹਰਮਿੰਦਰ ਸਿੰਘ ਗਿੱਲ (ਪੱਟੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ । ਮੈਂ ਧੰਨਵਾਦ ਕਰਦਾ ਹਾਂ ਕਿ ਸਰਕਾਰ ਨੇ ਬੇਜ਼ਮੀਨਾਂ ਲੋਕਾਂ ਦੇ ਜਿਹੜੇ ਕਬਜ਼ੇ ਹਨ ਉਨ੍ਹਾਂ ਨੂੰ ਬਹਾਲ ਕਰਨ ਦਾ ਜਾਂ ਉਨ੍ਹਾਂ ਨੂੰ ਮਾਲਕਾਨਾ ਹੱਕ ਦੇਣ ਦਾ ਫੈਸਲਾ ਕੀਤਾ ਹੈ। ਮੈਂ ਇਕ ਬੇਨਤੀ ਕਰਦਾ ਹਾਂ ਕਿ ਬਹੁਤ ਸਾਰੀਆਂ ਪੰਚਾਇਤੀ ਜ਼ਮੀਨਾਂ ਉਤੇ

ਕੁਝ ਲੋਕਾਂ ਨੇ 20-20, 30-30 ਸਾਲਾਂ ਤੋਂ ਕਬਜ਼ੇ ਕੀਤੇ ਹੋਏ ਹਨ, ਗਿਰਦਾਵਰੀਆਂ ਕਰਵਾਈਆਂ ਹਨ, ਹਾਈ ਕੋਰਟ ਤੋਂ ਸਟੇਅ ਲਈ ਹੈ। ਜਦੋਂ ਅਸੀਂ ਉਨ੍ਹਾਂ ਤੋਂ ਉਹ ਜ਼ਮੀਨਾਂ ਖਾਲੀ ਕਰਵਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਹ ਹਾਈ ਕੋਰਟ ਤੋਂ ਜਾ ਕੇ ਸਟੇਅ ਲੈ ਲੈਂਦੇ ਹਨ। ਕਈ ਬਾਬਿਆਂ ਨੇ ਵੀ ਸਾਡੀਆਂ ਪੰਚਾਇਤ ਦੀਆਂ ਜ਼ਮੀਨਾਂ ਉਤੇ ਕਬਜ਼ੇ ਕੀਤੇ ਹਨ, ਜੁਮਲਾ ਮੁਸ਼ਤਰਕਾ ਮਾਲਕਾਨ ਜ਼ਮੀਨਾਂ ਤੇ ਕਬਜ਼ੇ ਕੀਤੇ ਹੋਏ ਹਨ। ਕੀ ਇਹ ਬਿਲ ਉਨ੍ਹਾਂ ਉਤੇ ਲਾਗੂ ਹੋ ਕੇ ਉਨ੍ਹਾਂ ਨੂੰ ਮਾਲਕ ਤਾਂ ਨਹੀਂ ਬਣਾ ਦੇਵੇਗਾ? ਮੈਂ ਇਹ ਪੁੱਛਣਾ ਚਾਹੁੰਦਾ ਹਾਂ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ, ਇਹ ਇਕ ਬਹੁਤ ਹੀ ਇਤਿਹਾਸਕ ਤੇ ਕਿਸਾਨ ਪੱਖੀ ਜਾਂ ਦਲਿਤ ਬਿਲ ਹੈ ਔਰ ਜਿਨ੍ਹਾਂ ਦਾ ਜ਼ਮੀਨ ਉਤੇ ਕਬਜ਼ਾ ਹੈ, ਉਨ੍ਹਾਂ ਪੱਖੀ ਇਕ ਬਹੁਤ ਅੱਛਾ ਬਿਲ ਆਇਆ ਹੈ। ਟੀਨੂ ਜੀ ਨੇ ਜਿਹੜੀ ਗੱਲ ਕੀਤੀ ਹੈ, ਮੈਂ ਉਸ ਨਾਲ ਵੀ ਸਹਿਮਤ ਹਾਂ। ਮੈਂ ਕੈਬਨਿਟ ਵਿਚ ਵੀ ਮੁੱਖ ਮੰਤਰੀ ਸਾਹਿਬ ਜੀ ਨੂੰ ਬੇਨਤੀ ਕੀਤੀ ਸੀ, ਉਨ੍ਹਾਂ ਨੇ ਸਾਨੂੰ ਭਰੋਸਾ ਵੀ ਦਿੱਤਾ ਹੈ ਕਿ ਜਿਹੜੇ ਕਾਰਪੋਰੇਸ਼ਨ ਦੀਆਂ ਜ਼ਮੀਨਾਂ ਉਤੇ 25-25, 40-40 ਸਾਲ ਤੋਂ ਦਲਿਤ ਲੋਕ ਕਾਬਜ਼ ਹਨ ਉਨ੍ਹਾਂ ਨੂੰ ਵੀ ਉਨ੍ਹਾਂ ਜ਼ਮੀਨਾਂ ਦੇ ਹੱਕ ਮਿਲਣੇ ਚਾਹੀਦੇ ਹਨ । ਟੀਨੂ ਜੀ ਨੇ ਕਿਹਾ ਹੈ ਕਿ ਮੇਰੇ ਹਲਕੇ ਚਮਕੌਰ ਸਾਹਿਬ ਵਿਚ ਕਬਜ਼ਾ ਕਰਨ ਗਈ ਸਰਕਾਰੀ ਟੀਮ ਵਾਪਸ ਭੇਜ ਦਿੱਤੀ। ਮੈਂ ਉਸ ਟੀਮ ਨੂੰ ਵਾਪਸ ਭੇਜਣ ਵਾਲਿਆਂ ਵਿੱਚ ਹਾਂ। ਕਾਰਪੋਰੇਸ਼ਨ ਦੀਆਂ ਕੁਝ ਜ਼ਮੀਨਾਂ 40-40 ਸਾਲ ਤੋਂ ਦਲਿਤ ਲੋਕਾਂ ਦੇ ਕਬਜ਼ੇ ਵਿੱਚ ਹਨ, ਮੇਰੇ ਹਲਕੇ ਵਿੱਚ ਸੁਰਤਾਪੁਰ ਏਰੀਏ ਵਿਚ ਕੋਈ 500-700 ਏਕੜ ਜ਼ਮੀਨ ਹੈ। ਪਹਿਲਾਂ ਕਾਰਪੋਰੇਸ਼ਨ ਨੇ ਉਹ ਜ਼ਮੀਨ ਉਨ੍ਹਾਂ ਲੋਕਾਂ ਨੂੰ ਲੀਗਲੀ ਦਿੱਤੀ ਸੀ, ਕਿਸੇ ਨੇ ਉਸ ਦਾ ਬਿਆਨਾ ਦੇ ਦਿੱਤਾ, ਕਿਸੇ ਨੇ ਕੁਝ ਕਿਸ਼ਤਾਂ ਦੇ ਦਿੱਤੀਆਂ, ਕਿਸੇ ਦੀਆਂ ਅੱਧੀਆਂ ਕਿਸ਼ਤਾਂ ਹੋ ਗਈਆਂ, ਕਿਸੇ ਦੀਆਂ ਸਾਰੀਆਂ ਕਿਸ਼ਤਾਂ ਹੋ ਗਈਆਂ। ਹੁਣ ਉਹ ਜਾ ਕੇ ਕਬਜ਼ਾ ਕਿਸ ਤਰ੍ਹਾਂ ਕਰ ਸਕਦੇ ਹਨ? ਸੋ, ਅੱਜ ਮੇਰੀ ਫਿਰ ਸੀ.ਐਮ.ਸਾਹਿਬ ਨੂੰ ਬੇਨਤੀ ਹੈ ਕਿ ਕਾਰਪੋਰੇਸ਼ਨ ਦੀਆਂ ਜ਼ਮੀਨਾਂ ਜਿਹੜੀਆਂ 40 ਸਾਲ ਪਹਿਲਾਂ ਉਨ੍ਹਾਂ ਨੂੰ ਅਲਾਟ ਕੀਤੀਆਂ ਸੀ, ਉਨ੍ਹਾਂ ਪਾਸ ਕਾਗਜ਼ ਵੀ ਹਨ, ਤਿੰਨ ਵਾਰੀ ਜ਼ਮੀਨ ਵਾਪਸ ਲੈਣ ਲਈ ਉਨ੍ਹਾਂ ਉਤੇ ਹਮਲੇ ਹੋ ਗਏ ਹਨ, ਉਹ ਨਹੀਂ ਹੋਣੇ ਚਾਹੀਦੇ, ਉਹ ਜ਼ਮੀਨਾਂ ਉਨ੍ਹਾਂ ਕੋਲ ਰਹਿਣੀਆਂ ਚਾਹੀਦੀਆਂ ਹਨ । ਤੁਸੀਂ ਅੱਜ ਜਿਸ ਤਰ੍ਹਾਂ 25 ਪ੍ਰਤੀਸ਼ਤ ਜਾਂ 50 ਪ੍ਰਤੀਸ਼ਤ ਕੀਮਤ ਲੈ ਕੇ ਜ਼ਮੀਨਾਂ ਦੇ ਰਹੇ ਹੋ, ਉਨ੍ਹਾਂ ਨੂੰ ਵੀ

ਉਸੇ ਰੂਪ ਦੇ ਵਿੱਚ ਇਸੇ ਸਕੀਮ ਦੇ ਤਹਿਤ ਜਾਂ ਨਵੀਂ ਇਸੇ ਤਰ੍ਹਾਂ ਦੀ ਸਕੀਮ ਲਿਆ ਕੇ ਜਿਥੇ ਜਿਥੇ ਦਲਿਤ ਖੇਤ ਮਜ਼ਦੂਰ ਜਾਂ ਪੰਜ ਪੰਜ ਏਕੜ ਵਿਚ ਕਾਰਪੋਰੇਸ਼ਨ ਰਾਹੀਂ ਲੋਕ ਕਾਬਜ਼ ਹਨ ਉਨ੍ਹਾਂ ਨੂੰ ਵੀ ਜ਼ਮੀਨਾਂ ਮਿਲਣੀਆਂ ਚਾਹੀਦੀਆਂ ਹਨ। ਮੈਂ ਟੀਨੂ ਜੀ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਜੇ ਕੋਈ ਲੋਕ ਦਲਿਤ ਲੋਕਾਂ ਦੀ ਜ਼ਮੀਨ ਉਤੇ ਕਾਬਜ਼ ਹੈ ਉਨ੍ਹਾਂ ਤੋਂ ਤੁਰੰਤ ਕਬਜ਼ਾ ਛੁਡਵਾਉਣਾ ਚਾਹੀਦਾ ਹੈ। ਇਹ ਠੀਕ ਹੈ ਕਿ ਮੰਤਰੀ ਜੀ ਨੇ ਬਹੁਤ ਸਾਰੇ ਕਬਜ਼ੇ ਛੁਡਵਾਏ ਹਨ, ਨਜਾਇਜ਼ ਕਬਜ਼ੇ ਛੁਡਵਾਏ ਹਨ ਲੇਕਿਨ ਜਿਨ੍ਹਾਂ ਨੂੰ ਜ਼ਮੀਨਾਂ ਅਲਾਟ ਹੋਈਆਂ ਹੋਈਆਂ ਹਨ ਜਾਂ ਪਹਿਲਾਂ ਕਦੇ ਅਲਾਟ ਹੋਈਆਂ ਸੀ, ਹੁਣ 40 ਸਾਲ ਤੋਂ ਬਾਅਦ ਉਨ੍ਹਾਂ ਨੇ ਜ਼ਮੀਨਾਂ ਸਿੱਧੀਆਂ ਕਰ ਲਈਆਂ, ਹੁਣ ਉਨ੍ਹਾਂ ਤੋਂ ਕਬਜ਼ਾ ਨਹੀਂ ਲਿਆ ਜਾਣਾ ਚਾਹੀਦਾ । ਉਨ੍ਹਾਂ ਦਾ ਵੀ ਉਤਨਾ ਹੀ ਹੱਕ ਹੈ ਜਿੰਨਾ ਦੂਸਰੇ ਲੋਕਾਂ ਦਾ ਜਿਨ੍ਹਾਂ ਨੂੰ ਇਸ ਬਿਲ ਦੇ ਤਹਿਤ ਜ਼ਮੀਨਾਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਦਾ ਹੱਕ ਹੈ। ਮੈਂ ਫਿਰ ਇਕ ਵਾਰ ਸੀ.ਐਮ.ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਹ ਇੱਕ ਬਹੁਤ ਅੱਛਾ ਬਿਲ ਆਇਆ ਹੈ ਔਰ ਬੇਨਤੀ ਵੀ ਕਰਦਾ ਹਾਂ ਕਿ ਏਸੇ ਤਰ੍ਹਾਂ ਦਾ ਬਿਲ ਕਾਰਪੋਰੇਸ਼ਨ ਦੀ ਜ਼ਮੀਨ ਤੇ ਦਲਿਤ ਲੋਕ ਜਿਥੇ ਜਿਥੇ ਕਾਬਜ਼ ਹਨ ਉਨ੍ਹਾਂ ਦੇ ਹੱਕ ਵਿੱਚ ਵੀ ਆਉਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਟੀਨੂ ਜੀ, ਹੁਣ ਕੀ ਰਹਿ ਗਿਆ ਹੈ? ਹਾਂ ਜੀ, ਦੱਸੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਜਿਹੜੀ ਪੰਜਾਬ ਐਸ.ਸੀ.ਫਾਈਨਾਂਸ ਕਾਰਪੋਰੇਸ਼ਨ ਹੈ, ਉਹ ਇੱਕ ਸੰਵਿਧਾਨਕ ਬਾਡੀ ਹੈ, ਉਸ ਦਾ ਗਠਨ ਅੰਡਰ ਕਾਂਸਟੀਚਿਉਸ਼ਨ ਕੀਤਾ ਗਿਆ ਸੀ ਤੇ ਉਸ ਦੀ ਜ਼ਮੀਨ ਦੀ ਵਰਤੋਂ further welfare of scheduled castes ਵਾਸਤੇ ਕੀਤੀ ਜਾਣੀ ਹੈ, ਉਸ ਦੇ ਜਿਹੜੇ ਪਰਪਜ਼ ਹਨ ਉਹ ਬਹੁਤ ਵੱਡੇ ਹਨ। ਉਥੇ ਜੇ ਕੋਈ ਸ਼ਡਿਊਲਡ ਕਾਸਟ ਜਾਂ ਦਲਿਤ ਕੋਈ ਦੋ ਢਾਈ ਏਕੜ ਉਤੇ ਬੈਠਾ ਹੈ ਤਾਂ ਉਸ ਦਾ ਅਲੱਗ ਕੇਸ ਹੈ ਪਰ ਸਪੀਕਰ ਸਾਹਿਬ, ਉਥੇ ਭੌਂ ਮਾਫੀਆ ਬੈਠਾ ਹੈ ਜਿਹੜੇ ਕਿ ਸਡਿਊਲਡ ਕਾਸਟ ਵੀ ਨਹੀਂ ਹਨ, ਉਨ੍ਹਾਂ ਦਾ ਕੰਮ ਹੀ ਕਬਜ਼ੇ ਕਰਨਾ ਹੈ, ਉਨ੍ਹਾਂ ਦੇ 20-20 ਏਕੜ ਉਤੇ ਕਬਜ਼ੇ ਹਨ। ਸੋ, ਇਸ ਤਰੀਕੇ ਨਾਲ ਇਹ ਨਾ ਹੋਵੇ ਕਿ ਮਾਨਯੋਗ ਮੰਤਰੀ ਸਾਹਿਬ ਜੀ ਜਿਸ ਤਰ੍ਹਾਂ ਕਹਿੰਦੇ ਹਨ ਕਿ ਮੈਂ ਕਬਜ਼ਾ ਰੁਕਵਾਇਆ ਹੈ, ਜੇ ਜ਼ਮੀਨ ਸਰਕਾਰ ਕੋਲ ਹੈ ਤਾਂ ਸਰਕਾਰ ਉਸ ਨੂੰ ਗਰੀਬਾਂ ਦੀ ਵੈਲਫੇਅਰ ਲਈ ਵਰਤੇ। ਜੇ ਤੁਸੀਂ ਕਬਜ਼ੇ ਕਰਵਾ ਦਿੱਤੇ, 10-10 ਏਕੜ ਜ਼ਮੀਨ ਲੋਕਾਂ ਨੇ ਲੈ ਲਈ, ਪੰਜ ਪੰਜ ਏਕੜ ਲੈ ਲਈ, ਫਿਰ ਕੱਲ੍ਹ ਨੂੰ ਇੱਥੇ ਚੰਡੀਗੜ੍ਹ ਵੀ, ਮੁਹਾਲੀ ਵੀ ਐਸ.ਸੀ.ਫਾਈਨਾਂਸ ਕਾਰਪੋਰੇਸ਼ਨ ਦਾ ਇੱਕ ਪਲਾਟ ਪਿਆ ਹੈ, ਫਿਰ ਤੁਸੀਂ ਉਹ ਵੀ ਕਿਸੇ ਨੂੰ ਵੇਚ ਦਿਉ। ਫਿਰ ਸਰਕਾਰ ਦੇ ਪੱਲੇ ਕੀ ਰਹਿ ਜਾਵੇਗਾ? ਫਿਰ ਸਰਕਾਰ ਦੀ

ਤਾਕਤ ਕੀ ਰਹੇਗੀ? ਇਸ ਕਰਕੇ ਮੇਰੀ ਬੇਨਤੀ ਹੈ ਕਿ ਉਸ ਕਾਰਪੋਰੇਸ਼ਨ ਦੀਆਂ ਜ਼ਮੀਨਾਂ ਨੂੰ ਉਨ੍ਹਾਂ ਐਸ.ਸੀਜ਼ ਲੋਕਾਂ ਦੀ ਵੈਲਫੇਅਰ ਲਈ ਵਰਤਿਆ ਜਾਵੇ, ਉਸ ਦੇ ਕਬਜ਼ੇ, ਉਸ ਦੀ ਮਾਲਕੀ ਕਿਸੇ ਭੌਂ ਮਾਫੀਏ ਨੂੰ ਨਾ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਟੀਨੂ ਜੀ, ਜੋ ਕੁਝ ਚੰਨੀ ਜੀ ਨੇ ਕਿਹਾ ਹੈ ਇਨ੍ਹਾਂ ਨੇ 40 ਸਾਲ ਕਹੇ ਹਨ, ਮੈਂ ਇਸ ਵਿੱਚ ਸੋਧ ਕਰਦਾ ਹਾਂ। ਲਗਭਗ 50 ਸਾਲ ਤੋਂ ਲੋਕ ਬੈਠੇ ਹਨ ਅਤੇ ਮੈਨੂੰ ਜਾਤੀ ਇਲਮ ਹੈ। ਕੋਈ ਇੱਕਾ-ਦੁੱਕਾ ਹੋ ਸਕਦਾ ਹੈ almost ਉਹ ਤਮਾਮ ਸ਼ਡਿਊਲਡ ਕਾਸਟ ਲੋਕ ਹਨ ਜਿਹੜੇ ਕਿ ਇਸ ਏਰੀਏ ਵਿੱਚ ਬੈਠੇ ਹਨ।(ਵਿਘਨ) ਮੇਰੀ ਪ੍ਰਾਰਥਨਾ ਸੁਣੋ। ਮੈਂ ਇਹ ਕਹਿੰਦਾ ਹਾਂ ਕਿ ਕੋਈ ਇੱਕਾ-ਦੁੱਕਾ ਹੋ ਸਕਦਾ ਹੈ ਜਿਹੜਾ ਸਾਡੀ ਨਾਲਿਜ ਵਿੱਚ ਨਾ ਹੋਵੇ। ਵੈਸੇ ਉਥੇ ਤਮਾਮ ਐਸ.ਸੀ. ਬਰਾਦਰੀ ਦੇ ਲੋਕ ਹਨ ਜਿਹੜੇ ਕਿ ਪਿਛਲੇ 45-50 ਸਾਲ ਤੋਂ ਬੈਠੇ ਹਨ। ਜੇਕਰ ਮੇਰੀ ਯਾਦਾਸ਼ਤ ਠੀਕ ਹੋਵੇ ਤਾਂ ਹਰਚਰਨ ਸਿੰਘ ਕਮੇਟੀ ਪੰਜਾਬ ਵਿੱਚ ਬਣੀ ਸੀ, ਉਸ ਤਹਿਤ ਇਹ ਸਾਰੀਆਂ ਜ਼ਮੀਨਾਂ ਐਸ.ਸੀਜ਼ ਲੋਕਾਂ ਨੂੰ ਮਿਲੀਆਂ ਸਨ ਅਤੇ ਐਸ.ਸੀਜ਼ ਲੋਕ ਉਥੇ ਅਬਾਦ ਹਨ। ਅੱਗੇ ਚੱਲੋ। ਹਾਂ ਜੀ, ਰਜ਼ੀਆ ਜੀ, ਤੁਸੀਂ ਬੋਲੋ।

**ਟ੍ਰਾਂਸਪੋਰਟ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) :** ਸ਼ੁਕਰੀਆ ਸਪੀਕਰ ਸਾਹਿਬ, ਜਿੰਨੇ ਵੀ ਬਿਲ ਅੱਜ ਪੇਸ਼ ਕੀਤੇ ਗਏ ਹਨ ਮੈਂ ਉਨ੍ਹਾਂ ਬਾਰੇ ਥੋੜ੍ਹਾ ਕਹਿਣਾ ਚਾਹੁੰਦੀ ਹਾਂ। ਸਪੀਕਰ ਸਾਹਿਬ, ਵੱਖ ਵੱਖ ਵਰਗਾਂ ਬਾਰੇ ਬਿਲ ਲਿਆਂਦੇ ਗਏ ਹਨ, ਇਨ੍ਹਾਂ ਵਿੱਚ ਹਰ ਵਰਗ ਨੂੰ ਰੱਖਿਆ ਗਿਆ ਹੈ ਪਰ ਮੁਸਲਿਮ ਵਰਗ ਕਿਤੇ ਵੀ ਨਹੀਂ ਹੈ। ਜਿਹੜੇ ਗਰੀਬ ਹਨ, ਚਾਹੇ ਉਹ ਮੁਸਲਿਮ ਹਨ, ਚਾਹੇ ਕੋਈ ਹੋਰ ਹੋਵੇ, ਹਰੇਕ ਗਰੀਬ ਗਰੀਬ ਹੈ। ਹਰ ਗਰੀਬ ਨੂੰ ਇਨ੍ਹਾਂ ਬਿਲਾਂ ਵਿੱਚ ਸਹੂਲਤ ਦੇਣ ਲਈ ਸ਼ਾਮਲ ਕੀਤਾ ਜਾਵੇ। ਪਿਕ ਐਂਡ ਚੂਜ਼ ਨਾ ਕੀਤਾ ਜਾਵੇ। ਜਿਹੜਾ ਵੀ ਗਰੀਬ ਹੈ, ਹਰ ਗਰੀਬ ਦਾ ਹੱਕ ਉਸ ਨੂੰ ਮਿਲਣਾ ਚਾਹੀਦਾ ਹੈ। ਇਹੀ ਤੁਹਾਨੂੰ ਬੇਨਤੀ ਹੈ ਕਿ ਸਾਰੇ ਗਰੀਬਾਂ ਨੂੰ ਸਾਰੇ ਬਿਲਾਂ ਵਿੱਚ ਸ਼ਾਮਲ ਕੀਤਾ ਜਾਵੇ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ) :** ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਇਸ ਬਿਲ ਬਾਰੇ ਕਈ ਗੱਲਾਂ ਧਿਆਨ ਵਿੱਚ ਲਿਆਂਦੀਆਂ ਹਨ। ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਤੇ ਡੂੰਘਾਈ ਨਾਲ ਵਿਚਾਰ ਕੀਤਾ ਜਾਵੇਗਾ ਅਤੇ ਜਿੰਨੀ ਵੀ ਗੌਰਮਿੰਟ ਲੈਂਡ ਹੈ, ਚਾਹੇ ਉਹ ਐਸ.ਸੀ. ਫੈਮਿਲੀਜ਼ ਕੋਲ ਹੋਣ ਜਾਂ ਕਿਸੇ ਕੋਲ ਵੀ ਹੋਣ, ਉਨ੍ਹਾਂ ਨੂੰ ਪਾਲਿਸੀ ਮੁਤਾਬਿਕ ਪੂਰਨ ਤੌਰ ਤੇ ਜਸਟਿਸ ਮਿਲੇਗਾ ਕਿਸੇ ਨਾਲ ਅਨਿਆਂ ਨਹੀਂ ਹੋਵੇਗਾ। ਇਸ ਕਰਕੇ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿਹੜੀ ਵੀ ਕੋਈ ਚੀਜ਼ ਬਾਕੀ ਰਹਿੰਦੀ ਹੈ, ਉਸ ਤੇ ਆਪਾਂ ਵਿਚਾਰ ਕਰ ਲਵਾਂਗੇ। ਜਿਸ ਤਰ੍ਹਾਂ ਤੁਸੀਂ ਸਾਰੇ ਕਹਿੰਦੇ ਹੋ, ਉਸੇ ਤਰ੍ਹਾਂ ਹੋ ਜਾਵੇਗਾ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ...

**ਮਾਨਯੋਗ ਸਪੀਕਰ :** ਹੁਣ ਸਾਰੇ ਬੈਠੋ ਜੀ। ਟੀਨੂ ਜੀ, ਤੁਸੀਂ ਕਈ ਵਾਰ ਗੱਲ ਕਰ ਲਈ ਹੈ, ਹੁਣ ਤੁਸੀਂ ਬਹਿ ਜਾਓ। ਹਾਂ ਜੀ, ਸਰਦਾਰ ਪਰਮਿੰਦਰ ਸਿੰਘ ਪਿੰਕੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ(ਫਿਰੋਜ਼ਪੁਰ ਸ਼ਹਿਰੀ) :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਅੱਜ ਇਕ ਇਤਿਹਾਸਕ ਬਿਲ ਲਿਆਂਦਾ ਹੈ। ਗਰੀਬਾਂ ਨੂੰ ਜ਼ਮੀਨਾਂ ਦੇਣ ਵਾਸਤੇ ਇਸ ਬਿਲ ਤੇ ਬਹਿਸ ਹੋ ਰਹੀ ਹੈ ਪਰ ਉਸ ਦੇ ਨਾਲ ਹੀ ਮੈਂ ਮੰਤਰੀ ਜੀ ਤੋਂ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਿਹੜੀਆਂ ਪੰਚਾਇਤੀ ਲੈਂਡਜ਼ ਹਨ, ਜਿਨ੍ਹਾਂ ਵਿੱਚ ਅਸੀਂ ਗਰੀਬਾਂ ਨੂੰ ਦੋ ਮਰਲੇ ਦਾ ਪਲਾਟ ਦਿੰਦੇ ਹਾਂ ਜਾਂ ਜਿੱਥੋਂ ਸਰਕਾਰ ਨੂੰ ਰੈਵੇਨਿਊ ਆਉਂਦਾ ਹੈ, ਉਸ ਜ਼ਮੀਨ ਤੇ ਵੱਡੇ ਵੱਡੇ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ। ਕੀ ਉਹ ਜ਼ਮੀਨਾਂ ਵੀ ਇਸ ਬਿਲ ਵਿੱਚ ਸ਼ਾਮਲ ਹੋਣਗੀਆਂ ਜਾਂ ਨਹੀਂ?

**ਮਾਲ ਤੇ ਪੁਨਰਵਾਸ ਮੰਤਰੀ :** ਸਪੀਕਰ ਸਾਹਿਬ, ਇਸ ਵਿੱਚ ਪੰਚਾਇਤਾਂ ਦੀਆਂ ਜ਼ਮੀਨਾਂ ਸ਼ਾਮਲ ਨਹੀਂ ਹਨ। ਇਸ ਵਿੱਚ ਖਾਸ ਤੌਰ ਤੇ ਸ਼ਾਮਲਾਤ ਜ਼ਮੀਨਾਂ ਜੋ ਕਿ ਲਾਲ ਡੋਰੇ ਦੇ ਅੰਦਰ ਹਨ, ਗਰੀਬ ਪਰਿਵਾਰਾਂ ਕੋਲ ਹਨ, ਉਨ੍ਹਾਂ ਦੇ ਘਰ ਹਨ, ਇਸ ਵਿੱਚ ਸ਼ਾਮਲ ਹਨ। ਪੰਚਾਇਤਾਂ ਦੀਆਂ ਜ਼ਮੀਨਾਂ ਇਸ ਵਿੱਚ ਸ਼ਾਮਲ ਨਹੀਂ ਹਨ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ (ਭੂਮੀਹੀਣ, ਘੱਟ ਜ਼ਮੀਨ ਵਾਲੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਸੈਟਲਮੈਂਟ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 3**

**ਮਾਨਯੋਗ ਸਪੀਕਰ:** ਕਲਾਜ਼ 3 ਵਿਚ ਕੁਝ ਸੋਧਨਾ ਹੈ। ਮਾਲ ਤੇ ਪੁਨਰਵਾਸ ਮੰਤਰੀ ਸੋਧਨਾ ਮੂਵ ਕਰਨ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਕਲਾਜ਼ 3 ਅਤੇ ਬਿਲ ਵਿੱਚ ਜਿੱਥੇ ਵੀ ਲੋੜੀਂਦਾ ਹੋਵੇ, ਵਿੱਚ ਹੇਠ ਲਿਖੇ ਅਨੁਸਾਰ ਸੋਧਨਾ ਕਰ ਲਈ ਜਾਵੇ:

"period of twelve years or more" ਦੀ ਜਗ੍ਹਾ ਤੇ period of ten years or more."

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਕਲਾਜ਼ 3 ਅਤੇ ਬਿਲ ਵਿੱਚ ਜਿੱਥੇ ਵੀ ਲੋੜੀਂਦਾ ਹੋਵੇ, ਵਿੱਚ ਹੇਠ ਲਿਖੇ ਅਨੁਸਾਰ ਸੋਧਨਾ ਕਰ ਲਈ ਜਾਵੇ:

"period of twelve years or more" ਦੀ ਜਗ੍ਹਾ ਤੇ "period of ten years or more."

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਕਲਾਜ਼ 3 ਅਤੇ ਬਿਲ ਵਿੱਚ ਜਿੱਥੇ ਵੀ ਲੋੜੀਂਦਾ ਹੋਵੇ, ਵਿੱਚ ਹੇਠ ਲਿਖੇ ਅਨੁਸਾਰ ਸੋਧਨਾ ਕਰ ਲਈ ਜਾਵੇ:

"period of twelve years or more" ਦੀ ਜਗ੍ਹਾ ਤੇ "period of ten years or more."

***ਪ੍ਰਸਤਾਵ (ਸੋਧੇ ਅਨੁਸਾਰ) ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਕਲਾਜ਼ 3 (ਸਮੇਤ ਸੋਧਾਂ) ਬਿਲ ਦਾ ਹਿੱਸਾ ਹੈ।

***ਪ੍ਰਸਤਾਵ (ਸੋਧੇ ਅਨੁਸਾਰ) ਪ੍ਰਵਾਨ ਹੋਇਆ।***

**ਕਲਾਜ਼ਾਂ 4 ਤੋਂ 18**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 4 ਤੋਂ 18 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 4 ਤੋਂ 18 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਤੇ ਪੁਨਰਵਾਸ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ (ਭੂਮੀਹੀਣ, ਘੱਟ ਜ਼ਮੀਨ ਵਾਲੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਸਟੈਲਮੈਂਟ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ (ਭੂਮੀਹੀਣ, ਘੱਟ ਜ਼ਮੀਨ ਵਾਲੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਸਟੈਲਮੈਂਟ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ (ਭੂਮੀਹੀਣ, ਘੱਟ ਜ਼ਮੀਨ ਵਾਲੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਅਤੇ ਸਟੈਲਮੈਂਟ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ (ਸੋਧੇ ਅਨੁਸਾਰ) ਪ੍ਰਵਾਨ ਹੋਇਆ।***

----------

## 7. THE FACTORIES (PUNJAB AMENDMENT) BILL, 2020

**ਮਾਨਯੋਗ ਸਪੀਕਰ :** ਸਰਦਾਰ ਬਲਬੀਰ ਸਿੰਘ ਸਿੱਧੂ, ਕਿਰਤ ਮੰਤਰੀ ਜੀ ਬਿਲ ਪੇਸ਼ ਕਰਨ।

**ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸ਼੍ਰੀਮਾਨ ਜੀ, ਮੈਂ ਫੈਕਟਰੀਜ਼ (ਪੰਜਾਬ ਸੋਧਨਾ) ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਫੈਕਟਰੀਜ਼ (ਪੰਜਾਬ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਫੈਕਟਰੀਜ਼ (ਪੰਜਾਬ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਫੈਕਟਰੀਜ਼ (ਪੰਜਾਬ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 6**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 6 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 6 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਫੈਕਟਰੀਜ਼ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਫੈਕਟਰੀਜ਼ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਫੈਕਟਰੀਜ਼ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

--------

**ਮਾਨਯੋਗ ਸਪੀਕਰ:** ਹਾਂ ਜੀ, ਨਾਗਰਾ ਜੀ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਸਪੀਕਰ ਸਾਹਿਬ, ਅੱਜ ਇਕ ਬੜੀ ਮੰਦਭਾਗੀ ਘਟਨਾ ਹੋਈ ਹੈ। ਸਾਡੇ ਸਤਿਕਾਰਯੋਗ ਵਿਰੋਧੀ ਧਿਰ ਦੇ ਨੇਤਾ ਵੱਲੋਂ ਇਸ ਪਵਿੱਤਰ ਚੇਅਰ ਦਾ ਅਪਮਾਨ ਕੀਤਾ ਗਿਆ ਹੈ।ਮੈਂ ਇਹ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਨੂੰ ਲੱਖ ਬੇਨਤੀਆਂ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਣੀ ਗਲਤੀ ਨਹੀਂ ਮੰਨੀ ਪਰ ਕਿਉਂਕਿ ਇਹ ਚੇਅਰ ਦੇ ਸਤਿਕਾਰ ਦਾ ਮਾਮਲਾ ਹੈ, ਸੋ, ਆਪਾਂ ਇਹ ਤਾਂ ਕਰ ਹੀ ਸਕਦੇ ਹਾਂ ਕਿ ਇਕ ਨਿਖੇਧੀ ਦਾ ਮਤਾ ਪਾਈਏ। ਸਪੀਕਰ ਸਾਹਿਬ, ਅੱਜ ਤੁਸੀਂ ਇਸ ਚੇਅਰ ਤੇ ਬੈਠੇ ਹੋ, ਕੱਲ੍ਹ ਨੂੰ ਕਿਸੇ ਹੋਰ ਨੇ ਬੈਠਣਾ ਹੈ ਪਰ ਮੈਂ ਚਾਹੁੰਦਾ ਹਾਂ ਕਿ ਹਾਊਸ ਵਿੱਚ ਇੱਕ ਰੈਜ਼ੋਲਿਊਸ਼ਨ ਲਿਆਂਦਾ ਜਾਵੇ।ਉਨ੍ਹਾਂ ਵੱਲੋਂ ਬੋਲੀ ਗਈ ਗਲਤ ਸ਼ਬਦਾਵਲੀ ਦੀ ਨਿਖੇਧੀ ਦਾ ਮਤਾ ਜ਼ਰੂਰ ਲਿਆਂਦਾ ਜਾਵੇ, ਬਾਕੀ ਜਿਵੇਂ ਹਾਊਸ ਕਹੇ।

**ਮਾਨਯੋਗ ਸਪੀਕਰ:** ਮੈਂ ਸਮਝਦਾ ਹਾਂ ਕਿ ਜਿਹੜੇ ਉਨ੍ਹਾਂ ਨੇ ਕੁਝ ਇਤਰਾਜ਼ਯੋਗ ਸ਼ਬਦ ਬੋਲੇ ਹਨ, ਉਨ੍ਹਾਂ ਨੂੰ ਅਸੀਂ ਐਕਸਪੰਜ ਕਰ ਦਈਏ। ਇਸ ਪਵਿੱਤਰ ਸਦਨ ਦੀਆਂ ਅਮੀਰ ਪਰੰਪਰਾਵਾਂ ਦਾ ਧਿਆਨ ਰੱਖਦੇ ਹੋਏ ਇਸ ਗੱਲ ਨੂੰ ਇਗਨੋਰ ਕਰੀਏ ਅਤੇ ਅੱਗੇ ਨੂੰ ਵਧੀਏ। ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

(*ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

*12.20 ਵਜੇ ਬਾਅਦ ਦੁਪਹਿਰ)

©2020

Published under the authority of the Punjab Vidhan Sabha and type-setting & printed by the Controller, Printing & Stationery, Punjab at the Government Press, S.A.S. Nagar.

PGP, Mohali / 10408 / 01-2021/Copies 230